## ਅਧਿਆਇ 6

# ਹੈਕਲ ਦੀ ਉਸਾਰੀ ਦਾ ਕੰਮ ਪੂਰਾ ਹੋਇਆ

ਅਧਿਆਇ 6 ਦੱਸਦਾ ਹੈ ਕਿ ਸ਼ੁਰੂ ਹੋਣ ਤੋਂ ਕਰੀਬ ਵੀਹ ਸਾਲਾਂ ਬਾਅਦ ਹੈਕਲ ਦੀ ਉਸਾਰੀ ਦਾ ਕੰਮ ਕਿਵੇਂ ਪੂਰਾ ਹੋਇਆ। ਸੂਬੇ ਦਾ ਹਾਕਮ ਤਤਨਈ ਜੋ ਯਹੂਦਾ ਦਾ ਵੀ ਹਾਕਮ ਸੀ, ਨੇ ਦਾਰਾ ਬਾਦਸ਼ਾਹ ਤੋਂ ਇਹ ਪੁੱਛਣ ਲਈ ਇਕ ਚਿੱਠੀ ਘੱਲੀ ਕਿ ਭਲਾ ਸਚਮੁਚ ਕੋਰਸ ਨੇ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਦੀ ਇਜਾਜ਼ਤ ਦਿੱਤੀ ਹੈ (ਵੇਖੋ 5:6)। ਸ਼ਾਹੀ ਕਿਤਾਬ ਘਰ ਵਿਚ ਭਾਲ ਕੀਤੀ ਗਈ, ਜਿਸ ਵਿਚ ਇਕ ਹੁਕਮ ਮਿਲਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਯਹੂਦੀਆਂ ਨੇ ਆਪਣਾ ਕੰਮ ਪੂਰਾ ਕੀਤਾ ਅਤੇ ਯਰੂਸ਼ਲਮ ਵਿਚ ਖ਼ੁਦਾ ਦੇ ਭਵਨ ਦੀ ਚੱਠ ਕੀਤੀ।

### ਦਾਰਾ ਦਾ ਕੋਰਸ ਦੇ ਹੁਕਮ ਦਾ ਪਤਾ ਲਾਉਣਾ (6:1-5)

**[1]ਤਦ ਦਾਰਾ ਪਾਤਸ਼ਾਹ ਦੀ ਆਗਿਆ ਨਾਲ ਬਾਬਲ ਦੇ ਕਿਤਾਬ ਘਰ ਦੀ ਜਿਹ ਦੇ ਵਿੱਚ ਖ਼ਜ਼ਾਨੇ
ਸਨ ਪੜਤਾਲ ਕੀਤੀ ਗਈ [2]ਅਤੇ ਅਹਮਥਾ ਵਿਚ ਉਸ ਮਹਿਲ ਵਿੱਚ ਜੋ ਮਾਦਈ ਦੇ ਸੂਬੇ ਵਿੱਚ ਹੈ
ਇੱਕ ਪੱਤ੍ਰੀ ਮਿਲੀ ਜਿਹ ਦੇ ਵਿੱਚ ਇਹ ਆਗਿਆ ਲਿਖੀ ਹੋਈ ਸੀ [3]ਕੋਰਸ ਪਾਤਸ਼ਾਹ ਦੇ ਪਹਿਲੇ ਵਰਹੇ
ਓਸੇ ਕੋਰਸ ਪਾਤਸ਼ਾਹ ਨੇ ਪਰਮੇਸ਼ੁਰ ਦੇ ਭਵਨ ਦੇ ਵਿਖੇ ਜੋ ਯਰੂਸ਼ਲਮ ਵਿੱਚ ਹੈ ਆਗਿਆ ਦਿੱਤੀ ਭਈ
ਉਹ ਭਵਨ ਤੇ ਉਹ ਥਾਂ ਜਿੱਥੇ ਬਲੀਦਾਨ ਕੀਤੇ ਜਾਂਦੇ ਸਨ ਬਣਾਇਆ ਜਾਵੇ ਅਤੇ ਉਹ ਦੀਆਂ ਨੀਆਂ
ਤਕੜਾਈ ਨਾਲ ਧਰੀਆਂ ਜਾਣ। ਉਹ ਦੀ ਉਚਿਆਈ ਸੱਠ ਹੱਥ ਤੇ ਚੁੜਾਈ ਸੱਠ ਹੱਥ ਹੋਵੇ [4]ਤਿੰਨ ਰਦੇ
ਭਾਰੇ ਪੱਥਰਾਂ ਦੇ ਅਰ ਇੱਕ ਰਦਾ ਨਵੀਂ ਲੱਕੜੀ ਦਾ ਹੋਵੇ ਤੇ ਖਰਚ ਪਾਤਸ਼ਾਹੀ ਮਹਿਲ ਵਿੱਚੋਂ ਦਿੱਤਾ
ਜਾਵੇ [5]ਅਤੇ ਪਰਮੇਸ਼ੁਰ ਦੇ ਭਵਨ ਦੇ ਸੋਨੇ ਤੇ ਚਾਂਦੀ ਦੇ ਭਾਂਡੇ ਵੀ ਜਿਨ੍ਹਾਂ ਨੂੰ ਨਬੂਕਦਨੱਸਰ ਉਸ ਹੈਕਲ
ਤੋਂ ਜੋ ਯਰੂਸ਼ਲਮ ਵਿੱਚ ਹੈ ਕੱਢ ਕੇ ਬਾਬਲ ਨੂੰ ਲਿਆਇਆ ਮੋੜ ਦਿੱਤੇ ਜਾਣ ਤੇ ਯਰੂਸ਼ਲਮ ਦੀ ਹੈਕਲ
ਵਿੱਚ ਆਪਣੇ ਆਪਣੇ ਥਾਂ ਪਹੁੰਚਾਏ ਜਾਣ ਅਤੇ ਤੂੰ ਉਨ੍ਹਾਂ ਨੂੰ ਪਰਮੇਸ਼ੁਰ ਦੇ ਭਵਨ ਵਿੱਚ ਰੱਖ ਦੇਈਂ।**

ਤਤਨਈ ਨੇ ਦਾਰਾ ਬਾਦਸ਼ਾਹ ਨੂੰ ਫ਼ਾਰਸੀ ਦਸਤਾਵੇਜ਼ਾਂ ਵਿੱਚੋਂ ਇਹ ਪਤਾ ਲਾਉਣ ਲਈ ਆਖਿਆ ਕਿ ਕੋਰਸ ਨੇ ਯਹੂਦੀਆਂ ਨੂੰ ਬਣਾਉਣ ਦੀ ਇਜਾਜ਼ਤ ਦਿੱਤੀ ਸੀ ਜਾਂ ਨਹੀਂ।

**ਆਇਤਾਂ 1, 2.** ਤਤਨਈ ਦੀ ਬੇਨਤੀ ਤੇ **ਦਾਰਾ** ਨੇ ਫ਼ਾਰਸੀ ਹਕਮੂਤ ਦੇ ਇਤਹਾਸਕ **ਕਿਤਾਬ ਘਰ**[1] ਤੋਂ **ਪੜਤਾਲ** ਦੀ ਇਜਾਜ਼ਤ ਇਹ ਪਤਾ ਲਾਉਣ ਲਈ ਦਿੱਤੀ ਕਿ ਕੋਰਸ ਨੇ ਸਚਮੁਚ ਦੀ **ਆਗਿਆ** ਦਿੱਤੀ ਜਾਂ ਨਹੀਂ ਜਿਸ ਕਰਕੇ ਯਹੂਦੀ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਦਾ ਹੱਕ ਹੈ। ਇਹ ਪੜਤਾਲ ਸ਼ੁਰੂ ਤਾਂ **ਬਾਬਲ** ਵਿਚ ਹੋਈ ਪਰ ਖ਼ਤਮ **ਅਹਮਥਾ** ਵਿਚ **ਜੋ ਮਾਦਈ ਦੇ ਸੂਬੇ ਵਿਚ ਹੈ।**[2] ਅਹਮਥਾ ਵਿਚ ਭਾਵ ਇਤਹਾਸਕ ਦਸਤਾਵੇਜ਼ਾਂ ਦੇ ਗੋਦਾਮ ਵਿਚ ਸਹੀ ਥਾਂ ਵਿਚ ਕੋਰਸ ਦਾ ਹੁਕਮ ਇਕ **ਆਗਿਆ** ਜਾਂ ''ਰਿਕਾਰਡ'' (NRSV) ਦੇ ਰੂਪ ਵਿਚ ਮਿਲਿਆ। ਇਹ ਆਗਿਆ

**ਇਕ ਪੱਤਰੀ** ਉੱਤੇ **ਲਿਖੀ ਹੋਈ** ਸੀ।

**ਆਇਤਾਂ 3-5.** ਕੋਰਸ ਦੇ ਨਾਂਅ ਤੇ ਦਿੱਤੀ ਗਈ **ਆਗਿਆ** ਦਾ ਰਿਕਾਰਡ ਉਸ ਦੀ ਹਕੂਮਤ ਦੇ **ਪਹਿਲੇ ਵਰ੍ਹੇ** ਦਾ ਸੀ (538 ਈ.ਪੂ. ਦੇ ਨੇੜੇ ਤੇੜੇ)। ਇਸ ਵਿਚ ਇਹ ਨਿਰਦੇਸ਼ ਸਨ: (1) **ਭਵਨ**[3] **ਬਣਾਇਆ ਜਾਵੇ ਅਤੇ ਉਹ ਦੀਆਂ ਨੀਆਂ ਤਕੜਾਈ ਨਾਲ ਧਰੀਆਂ ਜਾਣ**[4] (6:3)। (2) **ਤਿੰਨ ਰਦੇ ਭਾਰੇ ਪੱਥਰਾਂ ਦੇ ਅਰ ਇੱਕ ਰਦਾ ਨਵੀਂ ਲੱਕੜੀ ਦਾ** ਰੱਖੇ ਜਾਣ ਦੇ ਨਾਲ-ਨਾਲ ਇਹ ਵੀ ਦੱਸਿਆ ਗਿਆ ਕਿ ਇਹਦੀ **ਉਚਿਆਈ** ਅਤੇ **ਚੁੜਾਈ** ਕਿੰਨੀ ਹੋਵੇ (6:3, 4)। (3) **ਖਰਚ ਪਾਤਸ਼ਾਹੀ ਮਹਿਲ ਵਿੱਚੋਂ ਦਿੱਤਾ** ਜਾਂਦਾ (6:4), ਵੇਰਵਾ ਅਧਿਆਇ 1 ਵਿਚਲੇ ਹੁਕਮ ਵਿਚ ਨਹੀਂ ਸੀ। (4) ਹੈਕਲ ਦੇ ਬਣ ਜਾਣ ਤੇ **ਸੋਨੇ ਤੇ ਚਾਂਦੀ ਦੇ ਭਾਂਡੇ ਵੀ ਜਿਨ੍ਹਾਂ ਨੂੰ ਨਬੂਕਦਨੱਸਰ ਉਸ ਹੈਕਲ ਤੋਂ ਜੋ ਯਰੂਸ਼ਲਮ ਵਿੱਚ ਹੈ ਕੱਢ** ਲਿਆਇਆ ਸੀ, **ਹੈਕਲ ਵਿੱਚ ਆਪਣੇ ਆਪਣੇ ਥਾਂ ਮੋੜ ਦਿੱਤੇ** ਦਿੱਤੇ ਜਾਣੇ ਸਨ (6:5)।

**ਕੋਰਸ** ਦੇ ਹੁਕਮ ਸਬੰਧੀ ਕਈ ਸਵਾਲ ਉੱਠਦੇ ਹਨ ਜੋ ਇਸ ਤਰ੍ਹਾਂ ਹਨ:

1. ਇਹ 1:2-4 ਵਿਚਲੇ ਕੋਰਸ ਦੇ ਹੁਕਮ ਨਾਲੋਂ ਫ਼ਰਕ ਹੈ? ਉਦਾਹਰਣ ਲਈ ਭਾਵੇਂ ਦੋਹਾਂ ਵਿਚ ਸੰਕੇਤ ਹੈ ਕਿ ਕੋਰਸ ਨੇ ਹੈਕਲ ਨੂੰ ਬਣਾਉਣ ਦਾ ਹੁਕਮ ਦਿੱਤਾ, ਅਧਿਆਇ 1 ਵਿਚਲਾ ਹੁਕਮ ਯਹੂਦੀਆਂ ਦੇ ਵਾਪਸ ਜਾ ਕੇ ਹੈਕਲ ਨੂੰ ਬਣਾਉਣ ਤੇ ਜ਼ੋਰ ਦਿੰਦਾ ਹੈ। ਪਰ ਅਧਿਆਇ 6 ਵਿਚਲੀ ਆਗਿਆ ਭਵਨ ਤੇ ਜ਼ੋਰ ਦਿੰਦੀ ਹੈ ਪਰ ਇਸ ਵਿਚ ਅਧਿਆਇ 1 ਵਾਲੇ ਵੇਰਵੇ ਨਹੀਂ ਹਨ। ਇਕ ਸੰਭਾਵਿਤ ਵਿਆਖਿਆ ਇਹ ਹੈ ਕਿ ਅਧਿਆਇ 1 ਵਿਚ ਉਹ ਜਿਸ ਦਾ ਐਨਾਨ ਹਰਕਾਰਿਆਂ ਵੱਲੋਂ ਕੀਤਾ ਗਿਆ ਅਤੇ ਜਨਤਕ ਥਾਂਵਾਂ ਤੇ ਚਿਪਕਾ ਦਿੱਤਾ ਗਿਆ ਜਦਕਿ ਅਧਿਆਇ 6 ਕਿਤਾਬ ਘਰ ਵਿਚ ਰੱਖੇ ਨਿੱਜੀ ਲੇਖ ਉੱਤੇ ਜ਼ੋਰ ਦਿੰਦਾ ਹੈ। ਇਹ ਵਿਚਾਰ ਏਲਿਆਸ ਜੇ. ਬਿੱਕਰਮੈਨ ਵੱਲੋਂ ਸੁਝਾਇਆ ਗਿਆ ਸੀ ਜਿਸ ਨੇ ਕਿਹਾ ਕਿ ਅਧਿਆਇ 1 ਅਤੇ 6 ਵਿਚਲੇ ਕੋਰਸ ਦੇ ਹੁਕਮ ਦੀਆਂ ਦੋ ਗੱਲਾਂ ''ਇੱਕੋ ਰਿਕਾਰਡ ਦੇ ਵੱਖੋ ਵੱਖ ਰੂਪ ਨਹੀਂ ਹਨ ਬਲਕਿ ਇੱਕੋ ਹੀ ਮਾਮਲੇ ਨਾਲ ਸਬੰਧਿਤ ਦੋ ਅਜ਼ਾਦ ਰਿਕਾਰਡ ਹਨ।''[5] ਡੇਰੇਕ ਕਿਡਨਰ ਨੇ ਆਖਿਆ ਹੈ, ''ਪਹਿਲਾ ਹੁਕਮ ਹਰਕਾਰਿਆਂ ਲਈ ਉਨ੍ਹਾਂ ਗੁਲਾਮਾਂ ਨੂੰ (ਅਤੇ ਤਸਦੀਕ ਕਰਨ ਲਈ ਪੋਸਟਰ, 1:1) ਜਿਨ੍ਹਾਂ ਲਈ ਇਹ ਹੈ ਸੀ ਦੱਸਣ ਲਈ ਸੀ; ਬਾਅਦ ਵਾਲਾ ਹੁਕਮ ਸਰਕਾਰੀ ਕੰਮਕਾਜ ਲਈ ਉਸ ਫ਼ੈਸਲੇ ਦੇ ਪ੍ਰਬੰਧਕੀ ਵੇਰਵਿਆਂ ਬਾਰੇ ਦੱਸਦਾ ਨੋਟ ਸੀ।''[6]

2. ਬਣਾਈ ਜਾਣ ਵਾਲੀ ਹੈਕਲ ਦਾ ਕੋਰਸ ਵੱਲੋਂ ਦੱਸਿਆ ਗਿਆ ਅਕਾਰ ਮੁਸ਼ਕਿਲ ਖੜੀ ਕਰਦਾ ਹੈ: **ਸੱਠ ਹੱਥ** (90 ਫੁੱਟ) ਅਤੇ **ਸੱਠ ਹੱਥ** ਚੌੜਾ (ਲੰਮਾ ਕਿੰਨਾ ਇਹ ਨਹੀਂ ਦੱਸਿਆ ਗਿਆ)। ਸੁਲੇਮਾਨੀ ਹੈਕਲ ਇਸ ਹੈਕਲ ਨਾਲੋਂ ਵੱਡੀ ਸੀ ਪਰ ਇਹ ਓਨੀ ਵੱਡੀ ਨਹੀਂ ਸੀ। ਇਸ ਮਿਣਤੀ ਨੂੰ ਕਿਵੇਂ ਸਮਝਾਇਆ ਜਾ ਸਕਦਾ ਹੈ? ਇਕ ਸੁਝਾਅ ਇਹ ਹੈ ਕਿ ਕੋਰਸ ਨੇ ਉੱਪਰਲੀ ਹੱਦ ਤੈਅ ਕਰ ਦਿੱਤੀ ਕਿ ਭਵਨ ਕਿੰਨਾਂ ਵੱਡਾ ਹੋਵੇਗਾ। ਮਤਲਬ ਇਹ ਕਿ ਸੱਠ ਹੱਥ ਉੱਚਾ ਅਤੇ ਸੱਠ ਹੱਥ ਚੌੜਾ ਹੋ ਸਕਦਾ ਸੀ, ਇਸ ਨਾਲੋਂ ਉੱਚਾ ਨਹੀਂ।[7] ਇਕ ਦੂਜਾ ਵਿਚਾਰ ਇਹ ਹੈ ਕਿ ਲੰਬਾਈ (ਜਿਹੜੀ ਨਹੀਂ ਦੱਸੀ ਗਈ) ਵੀ ਸੱਠ ਹੱਥ ਹੋਣੀ ਚਾਹੀਦੀ ਸੀ, ਜਿਸ ਨਾਲ ਇਹ ਮਿਣਤੀ ਘਣ ਦੇ ਅਕਾਰ ਵਿਚ ਹੋਣੀ ਸੀ (ਬਿਲਕੁਲ ਉਵੇਂ ਜਿਵੇਂ ਸੁਲੇਮਾਨ ਦੀ ਹੈਕਲ ਵਿਚਲਾ ਅੱਤ ਪਵਿੱਤਰ ਅਸਥਾਨ ਇਕ ਪੂਰਾ ਘਣ ਸੀ; 1 ਰਾਜਿਆਂ 6:20)। ਇਹ ਮਿਣਤੀ ਹੈਕਲ ਨੂੰ ''ਪਵਿੱਤਰ ਅਸਥਾਨ'' ਹੋਣ ਦੇ ਰੂਪ ਵਿਚ ਵਿਖਾਉਂਦੇ ਹੋਏ ਅਦਰਸ਼ ਹੋਣੀ ਸੀ। ਤੀਜੀ ਸੰਭਾਵਨਾ ਇਹ ਹੈ ਕਿ ਲਿਖਾਰੀਆਂ ਕੋਲੋਂ ਗਲਤੀ ਹੋ ਗਈ ਹੋ ਸਕਦੀ ਹੈ। ਕੀਥ ਐਨ. ਸ਼ੋਵਿੱਲ ਨੇ ਇਹ ਦਲੀਲ ਦਿੰਦਿਆਂ ਕਿ ''ਉਚਿਆਈ ਅਤੇ ਲੰਬਾਈ ਦੀ ਗੱਲ ਨਾ ਕਰਕੇ ਆਇਤ 4 ਵਿਚ ਲਿਖਣ ਦੀ ਗਲਤੀ ਹੋਈ ਹੈ'' ਇਸ ਵਿਚਾਰ ਦਾ ਪੱਖ ਲਿਆ।[8] ਉਸ ਨੇ ਵਚਨ ਦੀ ਐੱਚ. ਜੀ. ਐੱਮ. ਦੀ ਮੁੜ ਰਚਨਾ ਨੂੰ ਲਿਆ: ''ਇਸ ਦੀ ਉਚਿਆਈ ਤੀਹ ਹੱਥ *[45 ਫੁੱਟ]*, ਇਸ ਦੀ ਲੰਬਾਈ ਸੱਠ ਹੱਥ *[90 ਫੁੱਟ]* ਅਤੇ ਇਸ ਦੀ ਚੁੜਾਈ ਵੀਹ ਹੱਥ *[30*

ਫੁੱਟ] ਹੋਵੇ।''[9] ਜੇ ਇਹ ਸਹੀ ਹੈ ਤਾਂ ''ਉਸਾਰੀ ਦੇ ਨਾਪ ਅਤੇ ਵੇਰਵੇ ਬਿਲਕੁਲ ਪਹਿਲਾਂ ਵਾਲੀ ਹੈਕਲ ਦੇ ਵੇਰਵਿਆਂ ਦੀ ਨਕਲ ਸਨ'' (1 ਰਾਜਿਆਂ 6:2), ਜੋ ਕਿ ''ਤਤਨਈ ਦੇ ਮੁਲਾਂਕਣ ਨਾਲ ਮੇਲ ਖਾਂਦਾ ਹੈ ਕਿ ਉਹ ਭਵਨ ਨੂੰ *ਫੇਰ ਤੋਂ ਬਣਾ ਰਹੇ* ਸਨ (5:9)।''[10]

3. ਇੱਥੇ ਕੋਰਸ ਅਤੇ ਤਤਨਈ ਦੇ ਨਾਂਅ ਆਪਣੀ ਚਿੱਠੀ ਵਿਚ ਦਾਰਾ ਨੇ ਯਹੋਵਾਹ **ਪਰਮੇਸ਼ੁਰ** ਬਾਰੇ ਐਨੀ ਨੇੜਤਾ ਦਾ ਇਜ਼ਹਾਰ ਕਰਦਿਆਂ ਗੱਲ ਕਿਉਂ ਕੀਤੀ? ਖ਼ਾਸ ਕਰਕੇ ਇਨ੍ਹਾਂ ਰਾਜਿਆਂ ਨੇ ਹੈਕਲ ਅਤੇ ਇਸ ਵਿਚ ਦੱਸੇ ਜਾਣ ਵਾਲੇ **ਬਲਿਦਾਨਾਂ** ਸਬੰਧੀ ਐਨੇ ਸਹੀ–ਸਹੀ ਢੰਗ ਨਾਲ ਯਹੂਦੀ ਸ਼ਬਦਾਵਲੀ ਦੀ ਵਰਤੋਂ ਕਿਉਂ ਕੀਤੀ (6:9, 10)? ਕਈ ਅਲੋਚਕਾਂ ਦਾ ਮੰਨਣਾ ਹੈ ਕਿ ਅਜਿਹੀਆਂ ਖੂਬੀਆਂ ਇਨ੍ਹਾਂ ਹੁਕਮਾਂ ਅਤੇ ਚਿੱਠੀਆਂ ਦੇ ਗੈਰ–ਇਤਹਾਸਕ ਹੋਣ ਨੂੰ ਦਰਸਾਉਂਦੀਆਂ ਹਨ; ਉਨ੍ਹਾਂ ਦਾ ਕਹਿਣਾ ਹੈ ਕਿ ਫ਼ਾਰਸੀ ਰਾਜਿਆਂ ਦੇ ਹੋਣ ਦੀ ਥਾਂ ਇਹ ਯਹੂਦੀ ਗ੍ਰੰਥੀਆਂ ਦੀ ਕਾਢ ਸਨ। ਪਰ ਇਸ ਦਾ ਬੇਹਤਰ ਜਵਾਬ ਦਿੱਤਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਫ਼ਾਰਸੀ ਰਾਜੇ ਯਹੂਦੀਆਂ ਦੇ ਖ਼ੁਦਾ ਦੀ ਕਿਰਪਾ ਪਾਉਣ ਅਤੇ ਯਹੂਦੀਆਂ ਦਾ ਦਿਲ ਜਿੱਤਣ ਲਈ ਇਸ ਤਰ੍ਹਾਂ ਨਾਲ ਬੋਲਦੇ ਜਾਂ ਕੰਮ ਕਰਦੇ ਸਨ। ਇਨ੍ਹਾਂ ਮਕਸਦਾਂ ਨੂੰ ਹਾਸਲ ਕਰਨ ਲਈ ਫ਼ਾਰਸੀ ਰਾਜੇ ਨੇ ਸ਼ਾਇਦ ਕਿਸੇ ਯਹੂਦੀ ਗ੍ਰੰਥੀ ਜਾਂ ਸਹਾਇਕ ਦੀ ਮਦਦ ਨਾਲ ਜਾਣ ਬੁੱਝ ਕੇ ਸਹੀ ਸਹੀ ਯਹੂਦੀ ਸ਼ਬਦਾਵਲੀ ਦੀ ਵਰਤੋਂ ਕੀਤੀ। ਜੇਕਬ ਐੱਮ. ਮਾਇਰਸ ਦੀ ਟਿੱਪਣੀ ਹੈ, ''ਬਲੀ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਜਾਣਕਾਰੀ ਯਹੂਦੀ ਗ੍ਰੰਥੀ ਦੀ ਬੇਰੁਜ਼ਗਾਰੀ ਕਰਕੇ ਹੈ (ਜਿਵੇਂ ਅਜ਼ਰਾ ਬੇਰੁਜ਼ਗਾਰ ਸੀ ...) ਅਤੇ ਇਹ ਪੰਚਗ੍ਰੰਥ ਦੇ ਨਿਯਮਾਂ ਤੇ ਅਧਾਰਿਤ ਹੈ।''[11] ਬਿਵਸਥਾ ਸਾਰ ਨੇ ਫ਼ਾਰਸ ਦੇ ਰਾਜੇ ਕੋਰਸ ਦੇ ਪ੍ਰਸ਼ਾਸਨ ਵਿਚ ਕੰਮ ਕੀਤਾ (ਬਿਵਸਥਾ ਸਾਰ 6:1, 2, 28)। ਯਕੀਨਨ ਹੀ ਦਾਰਾ ਦੀ ਵੀ ਉਨ੍ਹਾਂ ਯਹੂਦੀਆਂ ਤਕ ਪਹੁੰਚ ਸੀ ਜਿਨ੍ਹਾਂ ਨੇ ਇਸ ਹੁਕਮ ਨੂੰ ਲਿਖਵਾਉਣ ਵਿਚ ਉਸ ਦੀ ਮਦਦ ਕੀਤੀ ਹੋਵੇਗੀ।

ਬੇਸ਼ੱਕ ਅਹਿਮ ਗੱਲ ਇਹ ਹੈ ਕਿ ਇਸ ਖੋਜਬੀਨ ਤੋਂ ਜੋ ਪਤਾ ਲੱਗਾ ਉਹ ਇਹ ਸੀ ਕਿ ਕੋਰਸ ਨੇ ਹੀ ਹੈਕਲ ਦੀ ਮੁੜ ਉਸਾਰੀ ਦੀ ਇਜਾਜ਼ਤ ਦਿੱਤੀ। ਇਸ ਕਰਕੇ ਯਹੂਦੀਆਂ ਨੂੰ ਬਿਨਾਂ ਕਿਸੇ ਦਖਲ ਦੇ ਇਸ ਕੰਮ ਨੂੰ ਕਰਦੇ ਰਹਿਣ ਦੇਣਾ ਚਾਹੀਦਾ ਹੈ।

## ਫ਼ਾਰਸੀ ਹਾਕਮਾਂ ਨੂੰ ਦਾਰਾ ਦਾ ਜਵਾਬ (6:6-12)

**6ਏਸ ਲਈ ਹੇ ਦਰਿਆਓਂ ਪਾਰ ਦੇ ਹਾਕਮ ਤਤਨਈ ਅਰ ਸ਼ਥਰ-ਬੋਜ਼ਨਈ ਅਰ ਤੁਹਾਡੇ
ਅਫਰਸਕਾਈ ਸਾਥੀਓ ਜੋ ਦਰਿਆਉਂ ਪਾਰ ਹਨ ਤੁਸੀਂ ਓਥੋਂ ਪਰ੍ਹੇ ਰਹੋ 7ਪਰਮੇਸ਼ੁਰ ਦੇ ਭਵਨ ਦੇ ਇਸ
ਕੰਮ ਵਿੱਚ ਹੱਥ ਨਾ ਅੜਾਓ। ਯਹੂਦੀਆਂ ਦੇ ਹਾਕਮ ਤੇ ਯਹੂਦੀਆਂ ਦੇ ਬਜ਼ੁਰਗਾਂ ਨੂੰ ਪਰਮੇਸ਼ੁਰ ਦਾ
ਭਵਨ ਉਹ ਦੇ ਥਾਂ ਤੇ ਬਣਾਉਣ ਦਿਓ 8ਨਾਲੇ ਪਰਮੇਸ਼ੁਰ ਦੇ ਏਸ ਭਵਨ ਦੇ ਬਣਾਉਣ ਵਿੱਚ ਜੋ ਤੁਸੀਂ
ਯਹੂਦੀ ਬਜ਼ੁਰਗਾਂ ਨਾਲ ਕਰਨਾ ਹੈ ਸੋ ਏਹ ਮੇਰੀ ਆਗਿਆ ਹੈ ਕਿ ਪਾਤਸ਼ਾਹੀ ਮਾਲ ਵਿੱਚੋਂ ਅਰਥਾਤ
ਦਰਿਆਉਂ ਪਾਰ ਦੇ ਕਰ ਵਿੱਚੋਂ ਏਨ੍ਹਾਂ ਮਨੁੱਖਾਂ ਨੂੰ ਝਬਦੇ ਖਰਚ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਅਟਕਾ
ਨਾ ਪਵੇ 9ਅਤੇ ਸੁਰਗੀ ਪਰਮੇਸ਼ੁਰ ਦੀਆਂ ਹੋਮ ਬਲੀਆਂ ਦੇ ਲਈ ਜਿਹੜੀ ਜਿਹੜੀ ਵਸਤੂ ਦੀ ਉਨ੍ਹਾਂ ਨੂੰ
ਲੋੜ ਹੋਵੇ - ਵਹਿੜੇ ਭੇਡੂ ਲੇਲੇ ਅਰ ਜਿੰਨੀ ਕਣਕ ਤੇ ਲੂਣ ਤੇ ਮੈ ਤੇ ਤੇਲ ਤੇ ਓਹ ਜਾਜਕ ਜੋ ਯਰੂਸ਼ਲਮ
ਵਿੱਚ ਹਨ ਮੰਗਣ ਉਹ ਨਿੱਤ ਦੇ ਨਿੱਤ ਉਨ੍ਹਾਂ ਨੂੰ ਜ਼ਰੂਰ ਦਿੱਤਾ ਜਾਵੇ 10ਤਾਂ ਜੋ ਓਹ ਸੁਰਗ ਦੇ ਪਰਮੇਸ਼ੁਰ
ਦੇ ਸਨਮੁੱਖ ਸੁਗੰਧਾਂ ਵਾਲੀਆਂ ਭੇਟਾਂ ਚੜ੍ਹਾਉਣ ਤੇ ਪਾਤਸ਼ਾਹ ਤੇ ਰਾਜਕੁਮਾਰਾਂ ਦੀਆਂ ਜੀਉਣਾਂ ਦੇ ਲਈ
ਪ੍ਰਾਰਥਨਾ ਕਰਨ 11ਮੈਂ ਇਹ ਆਗਿਆ ਵੀ ਦਿੱਤੀ ਹੈ ਭਈ ਜੋ ਕੋਈ ਏਸ ਆਗਿਆ ਨੂੰ ਬਦਲ ਦੇਵੇ
ਉਹ ਦੇ ਹੀ ਘਰ ਵਿੱਚੋਂ ਇੱਕ ਸ਼ਤੀਰੀ ਕੱਢੀ ਜਾਵੇ ਅਤੇ ਖੜ੍ਹੀ ਕੀਤੀ ਜਾਵੇ ਅਤੇ ਉਸ ਉੱਤੇ ਉਹ ਸੂਲੀ
ਦਿੱਤਾ ਜਾਵੇ ਅਤੇ ਏਸੇ ਕਾਰਣ ਉਹ ਦੇ ਘਰ ਨੂੰ ਰੂੜੀ ਦਾ ਢੇਰ ਬਣਾ ਦਿੱਤਾ ਜਾਵੇ 12ਅਤੇ ਉਹ ਪਰਮੇਸ਼ੁਰ**

**ਜਿਹ ਨੇ ਆਪਣਾ ਨਾਮ ਉੱਥੇ ਰੱਖਿਆ ਹੈ ਸਭ ਰਾਜਿਆਂ ਤੇ ਰੈਈਯਤਾਂ ਨੂੰ ਢਾਵੇ ਜਿਹੜੇ ਏਸ ਆਗਿਆ ਨੂੰ ਬਦਲਨ ਲਈ ਤੇ ਪਰਮੇਸ਼ੁਰ ਦੇ ਇਸ ਭਵਨ ਨੂੰ ਜੋ ਯਰੂਸ਼ਲਮ ਵਿੱਚ ਹੈ ਬਰਬਾਦ ਕਰਨ ਲਈ ਆਪਣਾ ਹੱਥ ਵਧਾਉਣ। ਮੈਂ ਦਾਰਾ ਨੇ ਆਗਿਆ ਦੇ ਦਿਤੀ ਛੇਤੀ ਨਾਲ ਇਹ ਦੇ ਉੱਤੇ ਚਲਿਆ ਜਾਵੇ।**

ਚਿੱਠੀ ਦੀ ਪੜਤਾਲ ਤੋਂ ਬਾਅਦ ਦਾਰਾ ਨੇ ਤਤਨਈ ਨੂੰ ਚਿੱਠੀ ਲਿਖੀ।

**ਆਇਤਾਂ 6, 7.** ਦਾਰਾ ਦਾ ਜਵਾਬ ਯਹੂਦੀਆਂ ਦੀ ਆਮ ਉਮੀਦ ਨਾਲੋਂ ਕਿਤੇ ਵਧ ਕੇ ਸੀ। ਰਾਜੇ ਨੇ **ਤਤਨਈ ਅਰ ਸ਼ਥਰ-ਬੋਜ਼ਨਈ** ਅਤੇ ਉਨ੍ਹਾਂ ਦੇ **ਸਾਥੀਆਂ** ਨੂੰ ਯਹੂਦੀਆਂ ਨੂੰ ਕੁਝ ਨਾ ਕਹਿਣ ਲਈ ਆਖਿਆ। ਆਇਤ 6 ਵਿਚਲੇ **ਤੁਸੀਂ ਓਥੋਂ ਪਰ੍ਹੇ ਰਹ** ਦੇ ਹੁਕਮ ਨੂੰ ਆਇਤ 7 ਵਿਚ **ਇਸ ਕੰਮ ਵਿੱਚ ਹੱਥ ਨਾ ਅੜਾਓ . . . ਯਹੂਦੀਆਂ ਦੇ ਹਾਕਮ . . . ਨੂੰ ਪਰਮੇਸ਼ੁਰ ਦਾ ਭਵਨ ਉਹ ਦੇ ਥਾਂ ਤੇ ਬਣਾਉਣ ਦਿਓ।**

**ਆਇਤ 8.** ਕੋਰਸ ਦੀ **ਆਗਿਆ** ਅਨੁਸਾਰ **ਬਣਾਉਣ** ਦਾ ਖਰਚ ਉਸ ਇਲਾਕੇ ਤੋਂ ਲਏ ਗਏ **ਕਰ** ਵਿੱਚੋਂ **ਪਾਤਸ਼ਾਹੀ ਮਾਲ ਵਿੱਚੋਂ** ਚੁਕਾਇਆ ਜਾਣਾ ਸੀ ਜਿਹੜਾ **ਦਰਿਆਉਂ ਪਾਰ** ਦੇ ਇਲਾਕੇ ਤੋਂ ਇਕੱਠਾ ਕੀਤਾ ਗਿਆ ਸੀ। ਤਤਨਈ ਅਤੇ ਉਸ ਦੇ ਨਾਲ ਦੇ ਸਰਕਾਰੀ ਅਧਿਕਾਰੀਆਂ ਨੂੰ ਆਪਣੀ ਜੇਬ 'ਚੋਂ ਯਹੂਦੀਆਂ ਦੀਆਂ ਕੁਰਬਾਨੀਆਂ ਦੀ ਕੀਮਤ ਨਹੀਂ ਦੇਣੀ ਪੈਣੀ ਸੀ। ਜੇ ਇਹਦੇ ਲਈ ਵਾਧੂ ਮਾਲ ਦੀ ਲੋੜ ਹੁੰਦੀ ਤਾਂ ਉਨ੍ਹਾਂ ਸਿਰਫ਼ ਲੋਕਾਂ ਉੱਤੇ ਟੈਕਸ ਵਧਾ ਕੇ ਹੀ ਕਰਨਾ ਸੀ। ਸੂਬੇ ਦੇ ਲੋਕਾਂ ਲਈ ਦਾਰਾ ਦੇ ਫ਼ੈਸਲੇ ਤੋਂ ਨਾਰਾਜ਼ ਹੋਣ ਦਾ ਕਾਰਣ ਹੋਵੇਗਾ ਕਿਉਂ ਜੋ ਇਹਦਾ ਮਤਲਬ ਇਹ ਹੋਣਾ ਸੀ ਕਿ ਉਨ੍ਹਾਂ ਨੂੰ ਵੱਧ ਟੈਕਸ ਦੇਣੇ ਪੈਣੇ ਸਨ। ਪਰ ਸੂਬੇ ਦੇ ਆਗੂਆਂ ਦਾ ਸ਼ਿਕਾਇਤ ਕਰਨ ਦਾ ਕੋਈ ਜਾਇਜ਼ ਕਾਰਣ ਨਹੀਂ ਸੀ।

**ਆਇਤ 9.** ਤਤਨਈ ਅਤੇ ਉਸ ਦੇ ਸਾਥੀ ਅਧਿਕਾਰੀਆਂ ਨੇ ਕੁਰਬਾਨੀਆਂ ਲਈ ਜਿਹੜੀਆਂ ਮੁੜ ਬਣਾਈ ਜਾਣ ਵਾਲੀ ਹੈਕਲ ਵਿਚ **ਨਿੱਤ ਦੇ ਨਿੱਤ** ਚੜ੍ਹਾਈਆਂ ਜਾਣੀਆਂ ਸਨ। **ਜਿਹੜੀ ਜਿਹੜੀ ਵਸਤੂ ਦੀ ਉਨ੍ਹਾਂ ਨੂੰ ਲੋੜ ਹੋਣੀ ਸੀ** ਉਹ ਮੁਹੱਈਆ ਕਰਾਉਣੀਆਂ ਸਨ। ਇਨ੍ਹਾਂ ਵਿਚ **ਕਣਕ ਤੇ ਲੂਣ ਤੇ ਮੈ ਤੇ ਤੇਲ** ਦੇ ਨਾਲ ਨਾਲ **ਹੋਮ ਬਲੀਆਂ** ਦੇ ਨਾਲ ਨਾਲ **ਵਹਿੜੇ, ਭੇਡੂ** ਅਤੇ **ਲੇਲੇ** ਵੀ ਸ਼ਾਮਿਲ ਹੋਏ ਸਨ।

**ਆਇਤ 10.** ਯਹੂਦੀਆਂ ਨੇ **ਸੁਗੰਧਾਂ ਵਾਲੀਆਂ ਭੇਟਾਂ** (*nichochin*, *ਨਿਖੋਕਿਨ*) ਭਾਵ ਉਹ ਭੇਟਾਂ ਚੜ੍ਹਾਉਣੀਆਂ ਸਨ ਜਿਹੜੀਆਂ ''ਠੰਡ ਪਾਉਣ ਵਾਲੀਆਂ'' (REB) ਅਤੇ ''ਅਨੰਦ ਦਾਇਕ'' (NRSV), ਭਾਵ ਜਿਨ੍ਹਾਂ ਦੀ ''ਮਿੱਠੀ ਮਹਿਕ'' (NKJV) ਸੀ। ਇਸ ਦੇ ਨਮਿੱਤ ਉਨ੍ਹਾਂ ਨੇ ਫ਼ਾਰਸੀ **ਪਾਤਸ਼ਾਹ ਤੇ ਰਾਜਕੁਮਾਰਾਂ ਦੀਆਂ ਜੀਉਣਾਂ ਦੇ ਲਈ** ਆਪਣੇ **ਪਰਮੇਸ਼ੁਰ** ਦੇ ਅੱਗੇ ਸਿਫ਼ਾਰਸ਼ ਕਰਨੀ ਸੀ (ਵੇਖੋ ਯਿਰਮਿਯਾਹ 29:7)।

**ਆਇਤਾਂ 11, 12. ਦਾਰਾ** ਨੇ ਹੁਕਮ ਦਿੱਤਾ ਕਿ **ਜੋ ਕੋਈ ਏਸ ਆਗਿਆ ਨੂੰ ਬਦਲ ਦੇਵੇ** ਜਾਂ ਇਸ ਹੁਕਮ ਨੂੰ ਨਾ ਮੰਨ ਕੇ **ਪਰਮੇਸ਼ੁਰ ਦੇ ਇਸ ਭਵਨ ਨੂੰ ਬਰਬਾਦ** ਕਰੇ ਤਾਂ ਉਸ ਉੱਤੇ ਸਰਾਪ ਪਵੇ। ਜੇ ਕੋਈ ਯਹੂਦੀਆਂ ਦੇ ਉਸਾਰੀ ਦੇ ਕੰਮ ਵਿਚ ਵਿਘਨ ਪਾਉਂਦਾ ਤਾਂ **ਉਹਦੇ ਹੀ ਘਰ ਵਿੱਚੋਂ ਇਕ ਸ਼ਤੀਰੀ ਕੱਢੀ** ਜਾਣੀ ਸੀ ਜਿਸ **ਉੱਤੇ ਉਹ ਸੂਲੀ ਦਿੱਤਾ** ਜਾਣਾ ਸੀ ਅਤੇ **ਉਹ ਦੇ ਘਰ ਨੂੰ ਰੂੜੀ ਦਾ ਢੇਰ ਬਣਾ ਦਿੱਤਾ** ਜਾਣਾ ਸੀ (ਵੇਖੋ ਬਿਵਸਥਾ ਸਾਰ 2:5; 3:29)। ਦੂਜੇ ਸ਼ਬਦਾਂ ਵਿਚ ਉਸ ਨੂੰ ਬੜੀ ਬੁਰੀ ਤਰ੍ਹਾਂ ਨਾਲ ਮਾਰ ਦਿੱਤਾ ਜਾਣਾ ਸੀ ਅਤੇ ਉਸ ਦਾ ਘਰ ਢਾਹ ਦਿੱਤਾ ਜਾਣਾ ਸੀ। ਇਕ ਅਰਥ ਵਿਚ ਪਰਮੇਸ਼ੁਰ ਦੇ ''ਭਵਨ'' ਨੂੰ ਢਾਹੁਣ ਵਾਲੇ ਦੀ ਇਹ ਵਾਜਿਬ ਸਜ਼ਾ ਹੋਣੀ ਸੀ।

ਅੱਜ ਦੇ ਪਾਠਕ ਨੂੰ ਇਸ ਭਾਗ ਵਿਚਲੀਆਂ ਗੱਲਾਂ ਅਜੀਬ ਲਗ ਸਕਦੀਆਂ ਹਨ। ਕਿਸੇ ਫ਼ਾਰਸੀ ਰਾਜੇ ਨੂੰ ਇਸ ਗੱਲ ਦੀ ਪਰਵਾਹ ਕਿਉਂ ਹੋਣੀ ਸੀ ਕਿ ਯਹੂਦੀ ਲੋਕ ਆਪਣੇ ਖ਼ੁਦਾ ਦੀ ਬੰਦਗੀ ਕਿੱਥੇ ਕਰਦੇ ਹਨ ਅਤੇ ਕਿਉਂ ਕਰਦੇ ਹਨ? ਮੰਨਿਆ ਕਿ ਫ਼ਾਰਸੀ ਕਾਲ ਦੌਰਾਨ ''ਕਿਸੇ ਦੂਰ ਦੇ ਸੂਬੇ ਦੇ ਸਥਾਨਕ ਦੇਵਤੇ ਦੀ ਪੂਜਾ ਪੱਧਤੀ ਬਾਰੇ ਅਜਿਹੀਆਂ ਵਿਸਤ੍ਰਿਤ ਸ਼ਰਤਾਂ ਆਪਣੇ ਆਪ ਵਿਚ ਇਤਹਾਸਕ

ਤੌਰ ਤੇ ਮੰਨਣ ਯੋਗ ਨਹੀਂ ਹਨ।''[12] ਦਾਰਾ ਦੇ ਨਿਰਦੇਸ਼ ਫ਼ਾਰਸੀ ਅਮਲ ਦੇ ਮੁਤਾਬਕ ਸਨ। ''ਬੰਦੀ ਬਣਾਏ ਗਏ ਲੋਕਾਂ ਦੀਆਂ ਧਾਰਮਿਕ ਸੰਸਥਾਵਾਂ ਦੇ ਮੁੜ ਵਸੇਬੇ ਦੀ ਚਿੰਤਾ ਫ਼ਾਰਸੀ ਨੀਤੀ ਵਿਚ ਸ਼ਾਮਿਲ ਸੀ ਅਤੇ ਦਾਰਾ ਨੇ ਵੀ ਪਿਛਲੇ ਫੈਸਲਿਆਂ ਦਾ ਸਨਮਾਨ ਕਰਨਾ ਆਪਣੀ ਜ਼ਿੰਮੇਵਾਰੀ ਸਮਝੀ।''[13] ਅਸਲ ਵਿਚ ਫ਼ਾਰਸੀਆਂ ਵੱਲੋਂ ਸ਼ਾਹੀ ਹੁਕਮਾਂ ਲਈ ਬੇਹੱਦ ਸਨਮਾਨ ਕੀਤਾ ਜਾਣਾ ਸੀ (ਵੇਖੋ ਅਸਤਰ 1:19; 8:8; ਬਿਵਸਥਾ ਸਾਰ 6:8, 12, 15) ਦਾਰਾ ਦੀ ਕਾਰਵਾਹੀ ਵਿਚ ਇਕ ਵੱਡਾ ਯੋਗਦਾਨ ਪਾਇਆ ਹੋਵੇਗਾ।[14]

## ਹੈਕਲ ਦਾ ਕੰਮ ਪੂਰਾ ਹੋਇਆ ਅਤੇ ਇਸ ਦੀ ਚੱਠ ਕੀਤੀ ਗਈ (6:13-18)

**13ਤਦ ਦਰਿਆਉਂ ਪਾਰ ਦੇ ਹਾਕਮ ਤਤਨਈ ਤੇ ਸ਼ਥਰ-ਬੋਜ਼ਨਈ ਤੇ ਉਨ੍ਹਾਂ ਦੇ ਸਾਥੀਆਂ ਨੇ ਦਾਰਾ**
**ਪਾਤਸ਼ਾਹ ਦੀ ਘੱਲੀ ਹੋਈ ਆਗਿਆ ਅਨੁਸਾਰ ਝਬਦੇ ਕੀਤਾ 14ਸੋ ਯਹੂਦੀਆਂ ਦੇ ਬਜ਼ੁਰਗ ਹੱਜਈ**
**ਨਬੀ ਤੇ ਇੱਦੋ ਦੇ ਪੁੱਤਰ ਜ਼ਕਰਯਾਹ ਦੇ ਅਗੰਮਵਾਕ ਦੇ ਕਾਰਣ ਉਸਾਰੀ ਕਰਦੇ ਤੇ ਸੁਫਲ ਹੁੰਦੇ ਰਹੇ**
**ਅਤੇ ਉਨ੍ਹਾਂ ਨੇ ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ ਦੇ ਅਨੁਸਾਰ ਤੇ ਕੋਰਸ ਤੇ ਦਾਰਾ ਤੇ ਫ਼ਾਰਸ**
**ਦੇ ਪਾਤਸ਼ਾਹ ਅਰਤਹਸ਼ਸ਼ਤਾ ਦੀ ਆਗਿਆ ਅਨੁਸਾਰ ਉਹ ਨੂੰ ਬਣਾ ਕੇ ਨਿਬੇੜ ਲਿਆ 15ਅਤੇ ਇਹ**
**ਭਵਨ ਅਦਾਰ ਮਹੀਨੇ ਦੇ ਤੀਜੇ ਦਿਨ ਦਾਰਾ ਪਾਤਸ਼ਾਹ ਦੇ ਰਾਜ ਦੇ ਛੇਵੇਂ ਵਰਹੇ ਪੂਰਾ ਹੋ ਗਿਆ 16ਅਤੇ**
**ਇਸਰਾਏਲੀਆਂ, ਜਾਜਕਾਂ, ਲੇਵੀਆਂ, ਤੇ ਅਸੀਰੀ ਦੀ ਵੰਸ ਦੇ ਬਾਕੀ ਲੋਕਾਂ ਨੇ ਅਨੰਦ ਨਾਲ ਪਰਮੇਸ਼ੁਰ**
**ਦੇ ਏਸ ਭਵਨ ਦੀ ਚੱਠ ਕੀਤੀ 17ਅਤੇ ਉਨ੍ਹਾਂ ਨੇ ਪਰਮੇਸ਼ੁਰ ਦੇ ਏਸ ਭਵਨ ਦੀ ਚੱਠ ਦੇ ਵੇਲੇ ਸੌ ਵਹਿੜੇ**
**ਤੇ ਦੋ ਛੱਤ੍ਰੇ ਤੇ ਚਾਰ ਸੌ ਲੇਲੇ ਤੇ ਸਾਰੇ ਇਸਰਾਏਲ ਦੇ ਪਾਪ ਦੀ ਬਲੀ ਲਈ ਬਾਰਾਂ ਬੱਕਰੇ ਇਸਰਾਏਲ**
**ਦਿਆਂ ਗੋਤਾਂ ਅਨੁਸਾਰ ਚੜ੍ਹਾਏ 18ਅਤੇ ਜਿਵੇਂ ਮੂਸਾ ਦੀ ਪੋਥੀ ਵਿੱਚ ਲਿਖਿਆ ਹੈ ਓਨ੍ਹਾਂ ਨੇ ਜਾਜਕਾਂ ਨੂੰ**
**ਉਨ੍ਹਾਂ ਦੀਆਂ ਵਾਰੀਆਂ ਉੱਤੇ ਅਤੇ ਲੇਵੀਆਂ ਨੂੰ ਉਨ੍ਹਾਂ ਦੀਆਂ ਵੰਡਾਂ ਅਨੁਸਾਰ ਯਰੂਸ਼ਲਮ ਵਿੱਚ ਪਰਮੇਸ਼ੁਰ**
**ਦੀ ਉਪਾਸਨਾ ਲਈ ਥਾਪਿਆ।**

ਤਤਨਈ ਨੇ ਰਾਜੇ ਦਾ ਹੁਕਮ ਮੰਨਿਆ ਜਿਸ ਨਾਲ ਹੈਕਲ ਦੇ ਬਣਾਏ ਜਾਣ ਦਾ ਕੰਮ ਪੂਰਾ ਹੋ ਗਿਆ।

**ਆਇਤ 13.** ਜਿਵੇਂ ਉਮੀਦ ਹੋਵੇਗੀ, **ਤਤਨਈ** ਅਤੇ ਹੋਰਨਾਂ ਅਧਿਕਾਰੀਆਂ ਨੇ **ਦਾਰਾ ਪਾਤਸ਼ਾਹ ਦੀ ਘੱਲੀ ਹੋਈ ਆਗਿਆ ਅਨੁਸਾਰ** ਕੀਤਾ। ਉਨ੍ਹਾਂ ਦੀ ਕਾਰਵਾਹੀ ਪਾਠਕ ਦੇ ਮਨ ਵਿਚ ਤਤਨਈ ਦੇ ਇਕ ਅਸਰਦਾਇਕ ਅਤੇ ਵਫ਼ਾਦਾਰ ਸਰਕਾਰੀ ਨੌਕਰ ਦੀ ਤਸਦੀਕ ਕਰਦੀ ਹੈ।

**ਆਇਤਾਂ 14, 15.** ਅਧਿਆਇ, ਅਤੇ ਕਿਤਾਬ ਦੇ ਇਸ ਹਿੱਸੇ ਦਾ ਚਰਮ ਇਨ੍ਹਾਂ ਆਇਤਾਂ ਵਿਚ ਮਿਲਦਾ ਹੈ, ਜਿਸ ਵਿਚ ਐਲਾਨ ਹੈ ਕਿ ਯਹੂਦੀਆਂ ਦੀ ਵਾਪਸੀ ਦਾ ਮਕਸਦ, ਜੋ ਕਿ ਹੈਕਲ ਨੂੰ ਬਣਾਉਣਾ ਸੀ, ਪੂਰਾ ਹੋ ਚੁੱਕਿਆ ਸੀ। **ਭਵਨ** ਦੀ ਉਸਾਰੀ ਦਾ ਕੰਮ **ਦਾਰਾ ਪਾਤਸ਼ਾਹ ਦੇ ਰਾਜ ਦੇ ਛੇਵੇਂ ਵਰਹੇ** ਜਾਂ 10 ਮਾਰਚ 516 ਈ.ਪੂ. **ਅਦਾਰ ਮਹੀਨੇ ਦੇ ਤੀਜੇ ਦਿਨ**[15] ਪੂਰਾ ਹੋ ਗਿਆ। ਇਹ 15 ਅਗਸਤ, 586 ਈ.ਪੂ. ਵਾਲੇ ਦਿਨ ਨਬੂਕਦਨੱਸਰ ਵੱਲੋਂ ਇਸ ਨੂੰ ਬਰਬਾਦ ਕੀਤੇ ਜਾਣ ਮਗਰੋਂ ਤਕਰੀਬਨ ਸੱਤਰ ਸਾਲਾਂ ਬਾਅਦ ਹੋਇਆ (ਯਿਰਮਿਯਾਹ 52:12–14)।[16] ਇਸਰਾਏਲ ਦੇ ਧਰਮ ਵਿਚ ਹੈਕਲ ਦੀ ਅਹਿਮੀਅਤ ਬਹੁਤ ਜ਼ਿਆਦਾ ਸੀ। ਲੈਸਲੀ ਸੀ. ਐਲਨ ਦੇ ਮੁਤਾਬਕ, ''ਹੈਕਲ ਲੋਕਾਂ ਨਾਲ ਖ਼ੁਦਾ ਦੀ ਮਜ਼ਦੂਰੀ ਦੇ ਪ੍ਰਤੀਕ ਦੇ ਰੂਪ ਵਿਚ ਇਸਰਾਏਲ ਦੀ ਰੂਹਾਨੀ ਜ਼ਿੰਦਗੀ ਦਾ ਕੇਂਦਰ ਸੀ, ਉਨ੍ਹਾਂ ਦੀ ਬੰਦਗੀ ਅਤੇ ਰੱਬੀ ਬਰਕਤ ਦੇ ਦੇਣ ਵਾਲੇ ਦਾ ਫੋਕਸ ਸੀ।''[17]

ਪ੍ਰੋਜੈਕਟ ਦੇ ਸਫ਼ਲਤਾ ਨਾਲ ਪੂਰਾ ਹੋਣ ਦਾ ਸਿਹਰਾ (1) **ਯਹੂਦੀਆਂ ਦੇ ਬਜ਼ੁਰਗਾਂ** ਦੀ ਰਹਿਨੁਮਾਈ, (2) **ਹੱਜਈ ਨਬੀ ਤੇ ਜ਼ਕਰਯਾਹ,** (3) **ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ** ਅਤੇ (4) **ਕੋਰਸ ਤੇ**

**ਦਾਰਾ ਤੇ ਫ਼ਾਰਸ ਦੇ ਪਾਤਸ਼ਾਹ ਅਰਤਹਸ਼ਸ਼ਤਾ ਦੀ ਆਗਿਆ**। ਮਨੁੱਖੀ ਉਪਰਾਲਾ ਜ਼ਰੂਰੀ ਸੀ, ਪਰ ਇਸ ਕੰਮ ਵਿਚ ਯਹੂਦੀਆਂ ਦੀ ਸਫ਼ਲਤਾ ਲਈ ਸਭ ਤੋਂ ਵਧ ਕੇ ਖ਼ੁਦਾ ਵੱਲੋਂ ਮੁਹੱਈਆ ਕਰਵਾਏ ਜਾਣ ਨੂੰ ਯਹੂਦੀਆਂ ਵੱਲੋਂ ਆਪਣੇ ਕੰਮ ਵਿਚ ਸਫ਼ਲ ਹੋਣ ਦਾ ਮੁੱਖ ਕਾਰਕ ਮੰਨਿਆ ਜਾਂਦਾ ਸੀ।

''ਅਰਤਹਸ਼ਸ਼ਤਾ'' ਦਾ ਜ਼ਿਕਰ ਇੱਥੇ ਢੁਕਵਾਂ ਨਹੀਂ ਲਗਦਾ ਕਿਉਂ ਜੋ ਅਰਤਹਸ਼ਸ਼ਤਾ ਪਹਿਲੇ ਦੀ ਹਕੂਮਤ ਹੈਕਲ ਦੇ ਬਣਾਏ ਜਾਣ ਤੋਂ ਬਹੁਤ ਦੇਰ ਬਾਅਦ ਤਕਰੀਬਨ 465–424 ਈ.ਪੂ. ਵਿਚ ਸੀ। ਇਕ ਵਿਆਖਿਆ ਇਹ ਹੈ ਕਿ ਅਜ਼ਰਾ ਨੇ ਇੱਥੇ ਉਹਦਾ ਨਾਂਅ ਅਗਲੇ ਅਧਿਆਇ ਵਿਚ ਉਸ ਦੇ ਸਹਿਯੋਗ ਕਰਕੇ ਪਾ ਦਿੱਤਾ (7:12, 21), ਜਿਸ ਨਾਲ ''ਨਵੇਂ ਭਵਨ ਦੇ ਸਮਾਰੋਹਾਂ ਵਿਚ ਜਾਨ ਪੈ ਗਈ।'' ਸਾਫ਼ ਹੈ ਕਿ ''ਇਸ ਯੋਗਦਾਨ ਦੇ ਬਗ਼ੈਰ ਇਹ ਬਹਾਲੀ ਅਧੂਰੀ ਹੋਣੀ ਸੀ।''[18]

**ਆਇਤ 16.** ਯਹੂਦੀਆਂ ਵੱਲੋਂ ਹੈਕਲ ਦਾ ਨੀਂਹ ਪੱਥਰ ਰੱਖੇ ਜਾਣ ਵਾਂਗ ਹੀ ਇਸ ਦੇ ਪੂਰਾ ਹੋਣ ਦੀ **ਚੱਠ** ਬੜੇ ਅਨੰਦ ਨਾਲ ਕੀਤੀ ਗਈ। **ਜਾਜਕਾਂ, ਲੇਵੀਆਂ, ਤੇ ਅਸੀਰੀ ਦੀ ਵੰਸ**[19] **ਦੇ ਬਾਕੀ ਲੋਕਾਂ** ਸਣੇ ਸਭ **ਇਸਰਾਏਲੀ . . . ਚੱਠ** ਲਈ ਉਵੇਂ ਹੀ ਇਕੱਠੇ ਹੋਏ ਜਿਵੇਂ ਸੁਲੇਮਾਨ ਦੀ ਹੈਕਲ ਦੇ ਪੂਰਾ ਹੋਣ ਵੇਲੇ ਹੋਏ ਸਨ (1 ਰਾਜਿਆਂ 8:65, 66; 2 ਇਤਹਾਸ 7:8–10)।

**ਆਇਤ 17.** ਇਸ **ਚੱਠ** (*chᵃnukkah*, *ਹਾਨੁੱਕਾ*) ਵਿਚ ਬਹੁਤ ਸਾਰੇ ਜਾਨਵਰਾਂ ਦੀ ਕੁਰਬਾਨੀ ਦਿੱਤੀ ਗਈ ਜਿਨ੍ਹਾਂ ਵਿਚ **ਸੌ ਵਹਿੜੇ ਤੇ ਦੋ ਛੱਤ੍ਰੇ ਤੇ ਚਾਰ ਸੌ ਲੇਲੇ** ਸ਼ਾਮਿਲ ਸਨ। ਇਸ ਤੋਂ ਇਲਾਵਾ **ਬਾਰਾਂ ਬੱਕਰੇ ਪਾਪ ਦੀ ਬਲੀ ਲਈ ਇਸਰਾਏਲ ਦਿਆਂ ਗੋਤਾਂ ਅਨੁਸਾਰ** ਦਿੱਤੇ ਗਏ। ਅੱਸ਼ੂਰ ਵਿਚ ਭਾਵੇਂ ਦਸ ਉੱਤਰੀ ਗੋਤ ਗਾਇਬ ਸਨ ਪਰ ਖ਼ੁਦਾ ਦੇ ਲੋਕਾਂ **ਇਸਰਾਏਲ** ਦੇ ਬਾਰ੍ਹਾਂ ਗੋਤਰਾਂ ਦੀ ਧਾਰਣਾ ਬਰਕਰਾਰ ਹੈ।

ਪਹਿਲੀ ਹੈਕਲ ਦੀ ਚੱਠ ਵੇਲੇ ਸੁਲੇਮਾਨ ਵੱਲੋਂ ਚੜ੍ਹਾਈਆਂ ਗਈਆਂ ਕੁਰਬਾਨੀਆਂ (1 ਰਾਜਿਆਂ 8:62–64; 2 ਇਤਹਾਸ 7:4–7) ਹੈਕਲ ਦੇ ਮੁੜ ਬਣਾਏ ਜਾਣ ਦੀ ਚੱਠ ਵੇਲੇ ਦਿੱਤੀਆਂ ਗਈਆਂ ਕੁਰਬਾਨੀਆਂ ਨਾਲੋਂ ਕਿਤੇ ਵੱਧ ਸਨ, ਜੋ ਇਸ ਤੱਥ ਨੂੰ ਦਰਸਾਉਂਦਾ ਸੀ ਕਿ ਅਸੀਰੀ ਤੋਂ ਵਾਪਸ ਆਉਣ ਵਾਲੇ ਗਿਣਤੀ ਵਿਚ ਘੱਟ ਸਨ ਅਤੇ ਸੁਲੇਮਾਨ ਦੇ ਸਮੇਂ ਦੇ ਲੋਕਾਂ ਨਾਲੋਂ ਘੱਟ ਤਾਕਤਵਰ ਸਨ। ਬਾਅਦ ਵਿਚ ਅੰਤਿਓਕੁਸ ਚੌਥੇ ਐਪਿਫੇਨਿਸ ਵੱਲੋਂ ਦੂਜੀ ਹੈਕਲ ਨੂੰ ਉਜਾੜ ਦਿੱਤੇ ਜਾਣ ਬਾਅਦ ਇਸ ਦੀ ਚੱਠ 164 ਈ.ਪੂ. ਵਿਚ ਫੇਰ ਇਕ ਜਸ਼ਨ ਨਾਲ ਕੀਤੀ ਗਈ ਜੋ ਦੋਹਾਂ ਨੇਮਾਂ ਵਿਚ ਕਾਰਲੇ ਨਵੇਂ ਨੇਮ ਦੇ ਸਮਿਆਂ ਵਿਚ ''ਪ੍ਰਤਿਸ਼ਠਾ ਦਾ ਤਿਉਹਾਰ'' (ਯੂਹੰਨਾ 10:22; NIV) ਜਾਂ ਹਨੁੱਕਾ ਕਰਕੇ ਜਾਣਿਆ ਜਾਂਦਾ ਸੀ।

**ਆਇਤ 18.** ਹੈਕਲ ਦੇ ਕੰਮ ਦੀ ਜ਼ਿੰਮੇਵਾਰੀ **ਜਾਜਕਾਂ** ਅਤੇ **ਲੇਵੀਆਂ** ਨੂੰ ਇਸ ਵਿਚ ਸੇਵਾ ਕਰਨ ਲਈ ਠਹਿਰਾ ਕੇ ਦਿੱਤੀ ਗਈ ਜਿਸ ਵਿਚ ''ਯਾਜਕਾਂ'' ਨੂੰ **ਉਨ੍ਹਾਂ ਦੀਆਂ ਵਾਰੀਆਂ** ਅਤੇ **ਲੇਵੀਆਂ** ਨੂੰ **ਉਨ੍ਹਾਂ ਦੀਆਂ ਵੰਡਾਂ ਅਨੁਸਾਰ** ਕੰਮ ਦਿੱਤਾ ਗਿਆ। ਇਹ ਕੰਮ **ਪਰਮੇਸੁਰ** ਵੱਲੋਂ **ਮੂਸਾ ਦੀ ਪੋਥੀ** ਅਰਥਾਤ ਪੰਚਗ੍ਰੰਥ ਵਿਚ ਲਿਖੇ ਅਨੁਸਾਰ ਦਿੱਤਾ ਗਿਆ।

## ਪਸਾਹ ਮਨਾਇਆ ਗਿਆ (6:19-22)

**[19]ਅਤੇ ਪਹਿਲੇ ਮਹੀਨੇ ਦੇ ਚੌਦਵੇਂ ਦਿਨ ਅਸੀਰੀ ਤੋਂ ਮੁੜਿਆਂ ਹੋਇਆਂ ਨੇ ਪਸਹ ਮਨਾਈ [20]ਕਿਉਂ ਜੋ ਜਾਜਕਾਂ ਤੇ ਲੇਵੀਆਂ ਇੱਕੋ ਮਿੱਕੋ ਹੋ ਕੇ ਆਪਣੇ ਆਪ ਨੂੰ ਪਵਿੱਤ੍ਰ ਕੀਤਾ। ਓਹ ਸਾਰੇ ਪਵਿੱਤ੍ਰ ਸਨ ਸੋ ਉਨ੍ਹਾਂ ਨੇ ਅਸੀਰੀ ਤੋਂ ਸਭਨਾਂ ਮੁੜਿਆਂ ਹੋਇਆਂ ਅਰ ਆਪਣੇ ਭਰਾਵਾਂ ਜਾਜਕਾਂ ਦੇ ਲਈ ਤੇ ਆਪਣੇ ਲਈ ਪਸਹ ਨੂੰ ਕੱਟਿਆ [21]ਅਤੇ ਇਸਰਾਏਲੀਆਂ ਨੇ ਜੋ ਅਸੀਰੀ ਤੋਂ ਮੁੜੇ ਸਨ ਅਤੇ ਉਨ੍ਹਾਂ ਸਭਨਾਂ ਨੇ ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਦੀ ਭਾਲ ਕਰਨ ਦੇ ਲਈ ਉਸ ਧਰਤੀ ਦੀਆਂ ਪਰਾਈਆਂ**

**ਜਾਤੀਆਂ ਦੀਆਂ ਪਲੀਤੀਆਂ ਤੋਂ ਅੱਡ ਹੋ ਗਏ ਸਨ ਪਸਹ ਖਾਧਾ [22]ਅਤੇ ਅਨੰਦ ਨਾਲ ਸੱਤਾਂ ਦਿਨਾਂ ਤਾਈਂ ਪਤੀਰੀ ਰੋਟੀ ਦਾ ਪਰਬ ਮਨਾਇਆ ਕਿਉਂ ਜੋ ਯਹੋਵਾਹ ਨੇ ਓਨ੍ਹਾਂ ਨੂੰ ਪਰਸਿੰਨ ਕੀਤਾ ਸੀ ਅਤੇ ਅੱਸੂਰ ਦੇ ਪਾਤਸ਼ਾਹ ਦਾ ਮਨ ਓਨ੍ਹਾਂ ਵੱਲ ਫੇਰਿਆ ਸੀ ਤਾਂ ਜੋ ਉਹ ਪਰਮੇਸ਼ੁਰ, ਇਸਰਾਏਲ ਦੇ ਪਰਮੇਸ਼ੁਰ ਦਾ ਭਵਨ ਬਣਾਉਣ ਵਿੱਚ ਓਨ੍ਹਾਂ ਦੀ ਸਹਾਇਤਾ ਕਰੇ।**

ਅਧਿਆਇ ਦੀ ਸਮਾਪਤੀ ਹੈਕਲ ਵਿਚ ਪਸਾਹ ਦੇ ਪਰਬ ਨਾਲ ਮਨਾਏ ਜਾਣ ਦੀ ਗੱਲ ਬਿਲਕੁਲ ਢੁਕਦੀ ਹੈ।

**ਆਇਤ 19.** ਇਸ ਆਇਤ ਦੇ ਸ਼ੁਰੂ ਤੋਂ ਵਚਨ ਅਰਾਮੀ ਤੋਂ ਇਬਰਾਨੀ ਭਾਸ਼ਾ ਵਿਚ ਮੁੜ ਜਾਂਦਾ ਹੈ (4:8 ਤੇ ਟਿੱਪਣੀਆਂ ਵੇਖੋ)। ਇਹ ਢੁਕਵਾਂ ਲਗਦਾ ਹੈ ਕਿਉਂ ਜੋ ਇਸ ਭਾਗ ਵਿਚ ਦੋ ਵੱਡੇ ਯਹੂਦੀ ਪਰਬਾਂ ਦੇ ਮਨਾਏ ਜਾਣ ਦੀ ਗੱਲ ਹੈ।

ਮੁੜ ਉਸਾਰੀ ਦੇ ਵਿਰਤਾਂਤ ਦੇ ਆਖ਼ਰੀ ਪੈਰ੍ਹੇ ਵਿਚ ਹੈਕਲ ਦੀ ਅਹਿਮੀਅਤ ਨੂੰ ਵਿਖਾਇਆ ਗਿਆ ਹੈ। ਇਸ ਦੇ ਪੂਰਾ ਹੋ ਜਾਣ ਤੇ, ਵਾਪਸ ਆਏ (**ਅਸੀਰੀ ਤੋਂ**) ਲੋਕ ਮੂਸਾ ਦੀ ਸ਼ਰ੍ਹਾ ਵਿਚ ਦੱਸੇ ਪਰਬਾਂ ਨੂੰ ਮਨਾਉਣ ਲਈ ਖ਼ੁਦਾ ਦੇ ਘਰ ਦੀ ਵਰਤੋਂ ਕਰ ਸਕਦੇ ਸਨ। ਇਸ ਕਰਕੇ 1 ਮਈ, 516 ਈ.ਪੂ.[20] ਦੇ ਕਰੀਬ **ਪਹਿਲੇ ਮਹੀਨੇ ਦੇ ਚੌਦਵੇਂ ਦਿਨ** ਉਨ੍ਹਾਂ ਨੇ ਦੋ ਪਰਬ ਮਨਾਉਣੇ ਸ਼ੁਰੂ ਕੀਤੇ ਜੋ ਉਨ੍ਹਾਂ ਦੇ ਮਿਸਰ ਤੋਂ ਛੁਟਕਾਰੇ ਦਾ ਚੇਤਾ ਕਰਾਉਂਦੇ ਸਨ। **ਪਸਾਹ** ਦਾ ਪਰਬ ਉਦੋਂ ਮਨਾਇਆ ਗਿਆ ਸੀ ਜਦੋਂ ਮੌਤ ਦਾ ਫ਼ਰਿਸ਼ਤਾ ਇਸਰਾਏਲੀਆਂ ਦੇ ਘਰਾਂ ਦੇ ਉੱਤੋਂ ਦੀ ਲੰਘਿਆ ਸੀ ਅਤੇ ਮਿਸਰੀਆਂ ਦੇ ਪਹਿਲੌਠੇ ਮਾਰੇ ਗਏ ਸਨ (ਕੂਚ 11:1–12:51)।

**ਆਇਤ 20.** ਵਚਨ ਦੱਸਦਾ ਹੈ ਕਿ **ਜਾਜਕਾਂ ਤੇ ਲੇਵੀਆਂ** ਨੇ ਜਿਨ੍ਹਾਂ ਨੇ ਪਰਬਾਂ ਨੂੰ ਮਨਾਉਣ ਵਿਚ ਅਗਵਾਈ ਕੀਤੀ ਸੀ, ਇਸ ਕੰਮ ਲਈ **ਆਪਣੇ ਆਪ ਨੂੰ ਪਵਿੱਤਰ** ਕੀਤਾ। **ਉਨ੍ਹਾਂ ਨੇ ਅਸੀਰੀ ਤੋਂ ਸਭਨਾਂ ਮੁੜਿਆਂ ਹੋਇਆਂ ਲਈ ਪਸਹ ਨੂੰ ਕੱਟਿਆ।**

**ਆਇਤ 21. ਇਸਰਾਏਲੀਆਂ** ਵਿੱਚੋਂ **ਜੋ ਅਸੀਰੀ ਤੋਂ ਮੁੜੇ ਸਨ** ਅਤੇ ਹੋਰਨਾਂ ਨੇ **ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਦੀ ਭਾਲ ਕਰਨ** ਦੀ ਚਾਹ ਰਖਦੇ ਸਨ, **ਪਸਾਹ ਖਾਧਾ।** ਦੂਜੇ ਸ਼ਬਦਾਂ ਵਿਚ ਯਹੂਦੀ ਲੋਕ ਆਪਣੀ ਬੰਦਗੀ ਵਿਚ ਅਤੇ ਆਪਣੀ ਪਰ੍ਹਿਆ ਵਿਚ ਕਿਸੇ ਵੀ ਗੈਰਕੌਮ ਦਾ ਜਿਹੜੇ **ਪਰਾਈਆਂ ਜਾਤੀਆਂ ਦੀਆਂ ਪਲੀਤੀਆਂ ਤੋਂ ਅੱਡ ਹੋ ਗਏ** ਹੋਣ, ਸਵਾਗਤ ਕਰਦੇ ਸਨ। ਇਨ੍ਹਾਂ ਯਹੂਦੀ ਬਣਨ ਵਾਲਿਆਂ ਲਈ ਬੁੱਤਪ੍ਰਸਤੀ ਨੂੰ ਨਕਾਰਨਾ, ਯਹੋਵਾਹ ਅਤੇ ਉਸ ਦੀ ਸ਼ਰ੍ਹਾ ਨੂੰ ਮੰਨਣਾ ਅਤੇ ਖ਼ੁਦਾ ਦੀ ਬੰਦਗੀ ਉਸ ਦੇ ਹੁਕਮਾਂ ਦੇ ਮੁਤਾਬਕ ਕਰਨਾ ਜ਼ਰੂਰੀ ਹੁੰਦਾ ਸੀ।[21] ਯਹੂਦੀ ਨਵੇਕਲੇਪਨ ਦੀ ਕਦੇ ਵੀ ਯਹੂਦੀ ਮੁਰੀਦਾਂ ਦੇ ਰੂਪ ਵਿਚ ਗੈਰਕੌਮਾਂ ਨੂੰ ਕਬੂਲ ਕਰਨ ਦੇ ਇਨਕਾਰ ਵਜੋਂ ਨਹੀਂ ਕੀਤੀ ਜਾਣੀ ਚਾਹੀਦੀ।

**ਆਇਤ 22.** ਪਸਾਹ ਦੇ ਫੌਰਨ ਬਾਅਦ **ਪਤੀਰੀ ਰੋਟੀ ਦਾ ਪਰਬ** ਹੁੰਦਾ ਸੀ ਜਿਹੜਾ **ਸੱਤ ਦਿਨਾਂ** ਤਕ ਚਲਦਾ ਸੀ। ਇਸ ਪਰਬ ਦਾ ਨਾਂਅ ਇਸਰਾਏਲੀਆਂ ਦੇ ਮਿਸਰ ਵਿੱਚੋਂ ਐਨੀ ਕਾਹਲੀ ਨਾਲ ਨਿੱਕਲਣ ਕਰਕੇ ਪਿਆ ਕਿ ਉਨ੍ਹਾਂ ਦਾ ਗੁੰਨ੍ਹਿਆ ਹੋਇਆ ਆਟਾ ਖ਼ਮੀਰਾ ਨਹੀਂ ਹੋਇਆ ਸੀ (ਕੂਚ 12:14–20, 33, 34, 39; 13:1–10)।

ਇਹ ਦੋਵੇਂ ਪਰਬ ਹਮੇਸ਼ਾ **ਅਨੰਦ** ਦੇ ਮੌਕੇ ਹੁੰਦੇ ਸਨ ਕਿਉਂ ਜੋ ਇਨ੍ਹਾਂ ਨਾਲ ਯਹੂਦੀਆਂ ਨੂੰ ਖ਼ੁਦਾ ਦੇ ਫ਼ਜ਼ਲ ਨਾਲ ਆਪਣੀ ਸ਼ੁਰੂਆਤ ਅਤੇ ਮਿਸਰ ਤੋਂ ਆਪਣੇ ਛੁਟਕਾਰੇ ਨੂੰ ਚੇਤੇ ਕਰਨ ਦਾ ਮੌਕਾ ਮਿਲ ਜਾਂਦਾ ਸੀ। ਉਨ੍ਹਾਂ ਦੇ ਇਸ ਜਸ਼ਨ ਦੌਰਾਨ **ਪਰਸਿੰਨ** ਹੋਣ ਦਾ ਹੋਰ ਵੀ ਕਾਰਣ ਸੀ। ਖ਼ੁਦਾ ਨੇ ਉਨ੍ਹਾਂ ਨੂੰ ਮਿਸਰ ਦੀ ਗਲੁਾਮੀ ਤੋਂ ਬਹੁਤ ਪਹਿਲਾਂ ਹੀ ਨਹੀਂ ਕੱਢਿਆ ਸੀ ਬਲਕਿ ਹਾਲ ਹੀ ਦੇ ਦੌਰਾਨ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਗੁਲਾਮੀ ਵਿੱਚੋਂ ਕੱਢਿਆ ਸੀ। ਇਸ ਦੇ ਇਲਾਵਾ ਉਸ ਨੇ ਉਨ੍ਹਾਂ ਦੀ ਵਾਪਸੀ

ਅਤੇ ਹੈਕਲ ਨੂੰ ਬਣਾਉਣ ਦੇ ਵਿਰੋਧ ਨਾਲ ਜੁੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਵਿੱਚੋਂ ਕੱਢਿਆ।

ਖ਼ੁਦਾ ਨੇ ਉਨ੍ਹਾਂ ਦੇ ਨਵੇਂ ਛੁਟਕਾਰੇ ਦਾ ਕੰਮ ਕੀਤਾ ਸੀ, **ਪਾਤਸ਼ਾਹ ਦਾ ਮਨ ਫੇਰਿਆ** ਹੋਣ ਕਰਕੇ ਇਹ ਉਨ੍ਹਾਂ ਦਾ ਨਵਾਂ ਕੂਚ ਸੀ ਜਿਸ ਕਰਕੇ ਉਸ ਨੇ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਦੀ ਇਜਾਜ਼ਤ ਦਿੱਤੀ। ਆਪਣੇ ਤੋਂ ਪਹਿਲੇ ਰਾਜੇ ਕੋਰਸ ਵਾਂਗ ਹੀ ਦਾਰਾ ਨੇ ਉਨ੍ਹਾਂ ਦੇ ਉੱਦਮ ਵਿਚ **ਉਨ੍ਹਾਂ ਦੀ ਸਹਾਇਤਾ** ਕੀਤੀ (ਮੂਲ ਵਿਚ ''ਉਨ੍ਹਾਂ ਦਾ ਹੱਥ ਤਕੜਾ ਕੀਤਾ'')। ਇੱਥੇ ਉਸ ਨੂੰ **ਅੱਸ਼ੂਰ** ਦਾ **ਪਾਤਸ਼ਾਹ** ਕਿਹਾ ਗਿਆ ਹੈ ਜੋ ਕਿ ਉਲਝਣ ਭਰਿਆ ਲਗਦਾ ਹੈ ਕਿਉਂ ਜੋ 612 ਈ.ਪੂ. ਵਿਚ ਲਗਭਗ ਇਕ ਸਦੀ ਪਹਿਲਾਂ ਅੱਸ਼ੂਰੀ ਹਕੂਮਤ ਬਾਬਲ ਦੇ ਹੱਥੋਂ ਹਾਰ ਚੁੱਕੀ ਸੀ। ''ਫ਼ਾਰਸ ਦਾ'' ਦੀ ਥਾਂ ''ਅੱਸ਼ੂਰ ਦਾ'' ਲਿਖੇ ਜਾਣ ਦਾ ਇਕ ਕਾਰਣ ਇਹ ਹੈ ਕਿ ਕਿਸੇ ਗ੍ਰੰਥੀ ਨੇ ਗਲਤੀ ਨਾਲ ਇਹ ਸ਼ਬਦ ਲਿਖ ਦਿੱਤਾ। ਇਕ ਹੋਰ ਸੰਭਾਵਨਾ ਇਹ ਹੈ ਕਿ ''ਅੱਸ਼ੂਰ'' ਆਮ ਤੌਰ ਤੇ ਉਸ ਇਲਾਕੇ ਲਈ ਵਰਤਿਆ ਜਾਂਦਾ ਸੀ ਜਿਸ ਉੱਤੇ ਫ਼ਾਰਸੀ ਰਾਜੇ ਦੀ ਹਕੂਮਤ ਸੀ। ਇਕ ਤੀਜੀ ਸੰਭਾਵਨਾ ਇਹ ਹੋਵੇਗੀ ਕਿ ''ਅੱਸੂਰ'' ਅੱਸ਼ੂਰ, ਬਾਬਲ ਅਤੇ ਫ਼ਾਰਸ ਸਣੇ ਇਸਰਾਏਲ ਦੇ ਸਾਰੇ ਬੰਦੀਕਾਰਾਂ ਲਈ ਵਰਤਿਆ ਗਿਆ ਹੈ। ਖ਼ੁਦਾ ਨੇ ਹੁਣ ਆਪਣੇ ਲੋਕਾਂ ਨੂੰ ਉਨ੍ਹਾਂ ਦਾ ਦੇਸ਼ ਮੋੜ ਕੇ ਅਤੇ ਉਨ੍ਹਾਂ ਨੂੰ ਹੈਕਲ ਮੁਹੱਈਆ ਕਰਵਾ ਕੇ ਜਿਸ ਵਿਚ ਉਨ੍ਹਾਂ ਉਸ ਦੀ ਬੰਦਗੀ ਕਰਨੀ ਸੀ, ਆਪਣੇ ਲੋਕਾਂ ਨੂੰ ਇਨ੍ਹਾਂ ਸਾਰੀਆਂ ਵਿਦੇਸ਼ੀ ਸ਼ਕਤੀਆਂ ਤੋਂ ਛੁਡਾ ਲਿਆ।

ਅਸੀਰੀ ਤੋਂ ਯਹੂਦੀਆਂ ਦੀ ਆਪਸੀ ਦੀ ਕਹਾਣੀ ਇਕ ਖੁਸ਼ੀ ਵਾਲੀ ਗੱਲ ਨਾਲ ਖ਼ਤਮ ਹੁੰਦੀ ਹੈ। ਇਸ ਤੋਂ ਬਾਅਦ ਲੇਖਕ ਨੇ ਖਾਮੋਸ਼ੀ ਦੇ ਲਗਭਗ ਸੱਠ ਤੋਂ ਵੱਧ ਸਾਲ ਛੱਡ ਦਿੱਤੇ। ਅਗਲੇ ਅਧਿਆਇ ਵਿਚ ਜ਼ਰੁੱਬਾਬਲ, ਯੇਸ਼ੂਆ, ਹੱਜਈ ਜਾਂ ਜ਼ਕਰਯਾਹ ਬਾਰੇ ਕਹਿਣ ਲਈ ਕੁਝ ਨਹੀਂ ਹੈ ਬਲਕਿ ਉਨ੍ਹਾਂ ਦੀ ਸ਼ੁਰੂਆਤ 458 ਈ.ਪੂ. ਵਿਚ ਅਜ਼ਰਾ ਦੇ ਯਹੂਦਾ ਦੀ ਵਾਪਸੀ ਦੇ ਵੇਰਵੇ ਨਾਲ ਹੁੰਦੀ ਹੈ। ਪਾਠਕ ਦੀ ਇੱਛਾ ਹੋ ਸਕਦੀ ਹੈ ਕਿ ਪਹਿਲੇ ਛੇ ਅਧਿਆਇਆਂ ਵਾਲਾ ਵਿਰਤਾਂਤ ''ਅਤੇ ਇਸ ਤੋਂ ਬਾਅਦ ਉਹ ਖੁਸ਼ੀ ਖੁਸ਼ੀ ਰਹਿਣ ਲੱਗੇ'' ਨਾਲ ਖ਼ਤਮ ਹੁੰਦਾ ਹੈ, ਪਰ ਅਜਿਹਾ ਹੋਇਆ ਨਹੀਂ। ਖ਼ੁਦਾ ਦੇ ਲੋਕਾਂ ਲਈ ਅਜੇ ਹੋਰ ਮੁਸ਼ਕਿਲਾਂ ਅੱਗੇ ਸਨ।

## ਪ੍ਰਾਸੰਗਿਕਤਾ

**ਜ਼ਿੰਦਗੀ ਦੇ ਸਬਕ (ਅਧਿਆਇ 6)**

ਅਜ਼ਰਾ ਦੇ ਛੇਵੇਂ ਅਧਿਆਇ ਦੀਆਂ ਗੱਲਾਂ ਤੋਂ ਕਈ ਸਬਕਾਂ ਦੇ ਸੁਝਾਅ ਮਿਲਦੇ ਹਨ ਜਿਹੜੇ ਅੱਜ ਮਸੀਹੀ ਲੋਕਾਂ ਉੱਤੇ ਲਾਗੂ ਹੋ ਸਕਦੇ ਹਨ:

*''ਪਰਮੇਸ਼ੁਰ ਦਾ ਭਵਨ'' ਅਰਥਾਤ ਹੈਕਲ* (6:3)। ਅੱਜ ਖ਼ੁਦਾ ਦਾ ਘਰ ਜਾਂ ਉਸ ਦੀ ਹੈਕਲ ਉਹ ਕਲੀਸੀਆ ਹੈ ਜਿਸ ਨੂੰ ਯਿਸੂ ਨੇ ਬਣਾਇਆ (1 ਕੁਰਿੰਥੀਆਂ 3:16, 17; ਅਫ਼ਸੀਆਂ 2:20–22)।

*''ਤੁਸੀਂ ਉੱਥੋਂ ਪਰ੍ਹੇ ਰਹੋ''* (6:6)। ਇਹ ਨਿਰਦੇਸ਼ ਭਾਵੇਂ ਫ਼ਾਰਸੀ ਅਧਿਕਾਰੀਆਂ ਨੂੰ ਯਹੂਦੀਆਂ ਨੂੰ ਹੈਕਲ ਨੂੰ ਬਣਾਉਣ ਤੋਂ ਨਾ ਰੋਕਣ ਲਈ ਦਿੱਤੇ ਗਏ ਸਨ, ਪਰ ਇਹ ਗੱਲਾਂ ਆਪਣੇ ਆਪ ਵਿਚ ਮਸੀਹੀ ਲੋਕਾਂ ਲਈ ਚੰਗੀ ਸਲਾਹ ਹਨ। ਕਈ ਥਾਂਵਾਂ ਅਤੇ ਕਈ ਗਤੀਵਿਧੀਆਂ ਲਈ ਇਹ ਸਲਾਹ ਬੇਹਤਰੀਨ ਹੈ ਕਿ ''ਤੁਸੀਂ ਉੱਥੋਂ ਪਰ੍ਹੇ ਰਹੋ!'' (ਵੇਖੋ 1 ਥੱਸਲੁਨੀਕੀਆਂ 5:22.)

*''ਸੁਗੰਧਾਂ ਵਾਲੀਆਂ ਭੇਟਾਂ''* (6:10)। ਦਾਰਾ ਨੇ (ਸੰਭਵ ਤੌਰ ਤੇ ਯਹੂਦੀ ਲਿਖਾਰੀ ਵੱਲੋਂ ਉਕਸਾਏ ਜਾਣ ਤੇ) ਕਿਹਾ ਕਿ ਯਹੂਦੀ ਲੋਕ ਨਵੀਂ ਬਣੀ ਹੈਕਲ ਵਿਚ ''ਸੁਗੰਧਾਂ ਵਾਲੀਆਂ ਭੇਟਾਂ'' ਅਰਥਾਤ ਪਰਵਾਨ ਕੁਰਬਾਨੀਆਂ ਚੜ੍ਹਾਉਣ। ਅੱਜ ਖ਼ੁਦਾ ਵੀ ਸਾਥੋਂ ਚਾਹੁੰਦਾ ਹੈ ਕਿ ਅਸੀਂ ਉਸ ਨੂੰ ''ਪਰਵਾਨ ਕੁਰਬਾਨੀਆਂ'' ਚੜ੍ਹਾਈਏ (ਵੇਖੋ ਇਬਰਾਨੀਆਂ 13:15)। ਜੇ ਅਸੀਂ ਚਾਹੁੰਦੇ ਹਾਂ ਕਿ ਖ਼ੁਦਾ ਅੱਗੇ ਕੀਤੀ ਗਈ ਸਾਡੀ ਬੰਦਗੀ ਦੀ ਕੁਰਬਾਨੀ ਉਸ ਨੂੰ ਪਰਵਾਨ ਹੋਵੇ ਤਾਂ ਸਾਡੇ ਲਈ ਜ਼ਰੂਰੀ ਹੈ ਕਿ

ਅਸੀਂ ਬੰਦਗੀ ''ਆਤਮਾ ਅਤੇ ਸਚਿਆਈ ਨਾਲ'' ਕਰੀਏ (ਯੂਹੰਨਾ 4:24)।

*''ਝਬਦੇ ਕੀਤਾ''* (6:12, 13)। ਰਾਜੇ ਨੇ ਹੁਕਮ ਕੀਤਾ ਕਿ ਉਸ ਦੇ ਹੁਕਮਾਂ ਤੇ ''ਛੇਤੀ ਨਾਲ ਚਲਿਆ ਜਾਵੇ'' ਅਤੇ ਅਧਿਕਾਰੀਆਂ ਨੇ ਉਵੇਂ ਹੀ ਕੀਤਾ। ਇਹ ਸਾਨੂੰ ਯਾਦ ਦੁਆਉਂਦਾ ਹੈ ਕਿ ਖ਼ੁਦਾ ਚਾਹੁੰਦਾ ਹੈ ਕਿ ਅਸੀਂ ''ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ'' ਲਈ ''ਜਤਨ'' ਕਰੀਏ (2 ਪਤਰਸ 1:9–11)।

*''ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ ਦੇ ਅਨੁਸਾਰ''* (6:14); *''ਜਿਵੇਂ ਮੂਸਾ ਦੀ ਪੋਥੀ ਵਿਚ ਲਿਖਿਆ ਹੈ''* (6:18)। ਇਨ੍ਹਾਂ ਵਾਕ ਅੰਸ਼ਾਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਸਮੇਂ ਯਹੂਦੀ ਲੋਕ ਖ਼ੁਦਾ ਅਤੇ ਉਸ ਦੇ ਵਚਨ ਦੀ ਗੱਲ ਮੰਨਣ ਦੀ ਆਪਣੀ ਲੋੜ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। (ਬੇਸ਼ੱਕ, ਖ਼ੁਦਾ ਦੀ ਗੱਲ ਨੂੰ ਉਸ ਦੇ ਵਚਨ ਨੂੰ ਮੰਨੇ ਬਗ਼ੈਰ ਨਹੀਂ ਮੰਨਿਆ ਜਾ ਸਕਦਾ।) ਉਨ੍ਹਾਂ ਬਿਲਕੁਲ ਉਹੀ ਕੀਤਾ ਜੋ ਉਸ ਨੇ ਕਰਨ ਲਈ ਆਖਿਆ ਸੀ। ਅੱਜ ਵੀ ਅਸੀਂ ਖ਼ੁਦਾ ਦੀਆਂ ਬਰਕਤਾਂ ਪਾਉਣ ਦੀ ਉਮੀਦ ਉਦੋਂ ਤਕ ਨਹੀਂ ਰੱਖ ਸਕਦੇ ਜਦ ਤਕ ਅਸੀਂ ਉਸ ਦੇ ਵਚਨ ਨੂੰ ਬਿਲਕੁਵ ਉਵੇਂ ਹੀ ਮੰਨਣ ਲਈ ਤਿਆਰ ਨਹੀਂ ਹੁੰਦੇ (ਯਾਕੂਬ 1:25)।

*''ਜਿਹੜੇ ਪਰਾਈਆਂ ਜਾਤੀਆਂ ਦੀਆਂ ਪਲੀਤੀਆਂ ਤੋਂ ਅੱਡ ਹੋ ਗਏ ਸਨ''* (6:21)। ਅਜਿਹਾ ਕਰਨਾ ਚੁਣਨ ਵਾਲੇ ਗੈਰਕੌਮ ਲੋਕ ਯਹੂਦੀਆਂ ਨਾਲ ਪਸਾਹ ਨੂੰ ਮਨਾਉਣ ਵਿਚ ਉਨ੍ਹਾਂ ਨਾਲ ਸ਼ਾਮਿਲ ਹੋ ਸਕਦੇ ਹਨ। ਪਰ ਜੇ ਉਹ ਖ਼ੁਦਾ ਦੇ ਲੋਕਾਂ ਵਿਚ ਸ਼ੁਮਾਰ ਹੋਣਾ ਚਾਹੁੰਦੇ ਸਨ ਤਾਂ ਉਨ੍ਹਾਂ ਲਈ ਆਪਣੇ ਆਂਢ–ਗੁਆਂਢ ਦੀਆਂ ਪਾਪ ਭਰੀਆਂ ਗਤੀਵਿਧੀਆਂ ਤੋਂ ''ਅੱਡ ਹੋਣਾ'' ਅਤੇ ''ਅੱਡ ਹੋ'' ਕੇ ਸ਼ਰ੍ਹਾ ਨੂੰ ਮੰਨਣਾ ਅਤੇ ਉਸ ਦੇ ਮੁਤਾਬਕ ਜੀਣਾ ਜ਼ਰੂਰੀ ਹੁੰਦਾ ਸੀ, ਜਿਹੜੀ ਖ਼ੁਦਾ ਵੱਲੋਂ ਮੂਸਾ ਨੂੰ ਦਿੱਤੀ ਗਈ ਸੀ। ਅੱਜ ''ਕੋਈ ਵੀ'' ਜਿਹੜਾ ਅਜਿਹਾ ਕਰਨਾ ਚਾਹੇ ਉਹ ਮਸੀਹੀ ਬਣ ਸਕਦਾ ਹੈ (ਮੱਤੀ 16:24; ਯੂਹੰਨਾ 3:16; ਪਰਕਾਸ਼ 22:17)। ਪਰ ਅਜਿਹਾ ਕਰਨ ਲਈ ਉਹਦੇ ਵਾਸਤੇ ਆਪਣੇ ਆਪ ਨੂੰ ਸੰਸਾਰ ਦੇ ਪਾਪਾਂ ਤੋਂ ਅਲਹਿਦਾ ਕਰਕੇ ਖ਼ੁਦਾ ਦੇ ਨਵੇਂ ਨੇਮ ਦੀ ਸ਼ਰ੍ਹਾ ਨੂੰ ਮੰਨ ਕੇ ਆਪਣੀ ਜ਼ਿੰਦਗੀ ਉੱਤੇ ਖ਼ੁਦਾ ਦੇ ਨਿਯਮ ਨੂੰ ਮੰਨਣਾ ਜ਼ਰੂਰੀ ਹੈ (ਕਰਤੱਬ 2:38)।

*ਖ਼ੁਦਾ ਨੇ ''ਉਨ੍ਹਾਂ ਨੂੰ ਪ੍ਰਸਿੰਨ ਕੀਤਾ ਸੀ''* (6:22)। ਇਸੇ ਤਰ੍ਹਾਂ ਨਾਲ ਖ਼ੁਦਾ ਅੱਜ ਸਾਨੂੰ ਪ੍ਰਸਿੰਨ ਕਰਦਾ ਹੈ ਕਿਉਂ ਜੋ ਉਹ ਸਾਨੂੰ ਬੇਸ਼ੁਮਾਰ ਦੁਨਿਆਵੀ ਅਤੇ ਰੂਹਾਨੀ ਬਰਕਤਾਂ ਨਾਲ ਮਾਲਾ–ਮਾਲ ਕਰਦਾ ਹੈ। ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ''ਪ੍ਰਭੂ ਵਿਚ ਸਦਾ ਅਨੰਦ'' ਕਰੀਏ (ਫ਼ਿਲਿੱਪੀਆਂ 4:4)।

**ਅਖ਼ੀਰ ਵਿਚ ਫ਼ਤਹਿ ! (ਅਧਿਆਇ 6)**

ਕੀ ਤੁਸੀਂ ਕਦੇ ਕੋਈ ਪ੍ਰੋਜੈਕਟ (ਕੰਮ) ਸ਼ੁਰੂ ਕੀਤਾ ਹੈ ਜਿਸ ਵਿਚ ਤੁਹਾਨੂੰ ਕੋਈ ਦਿੱਕਤ ਆਈ ਹੋਵੇ? ਹੋ ਸਕਦਾ ਹੈ ਕਿ ਤੁਹਾਡੇ ਸਾਹਮਣੇ ਨਜ਼ਰ ਨਾ ਆਉਣ ਵਾਲੀਆਂ ਮੁਸ਼ਕਿਲਾਂ ਆਈਆਂ ਹੋਣ; ਹੋ ਸਕਦਾ ਹੈ ਕਿ ਤੁਹਾਡਾ ਵਿਰੋਧ ਹੋਇਆ ਹੋਵੇ; ਹੋ ਸਕਦਾ ਹੈ ਕਿ ਤੁਸੀਂ ਸਿਰਫ਼ ਟਾਲ–ਮਟੋਲ ਕਰਦਿਆਂ ਦੇਰ ਕਰ ਦਿੱਤੀ ਹੋਵੇ। ਕਾਰਣ ਜੋ ਵੀ ਰਿਹਾ ਹੋਵੇ, ਸਮਾਂ ਲੰਘ ਗਿਆ ਅਤੇ ਕੰਮ ਪੂਰਾ ਨਹੀਂ ਹੋਇਆ। ਅਖ਼ੀਰ ਤੁਸੀਂ ਫੇਰ ਕੰਮ ਕਰਨ ਲਗ ਪਏ, ਮੁਸ਼ਕਿਲਾਂ ਹੱਲ ਕੀਤੀਆਂ ਗਈਆਂ ਅਤੇ ਉਸ ਪ੍ਰੋਜੈਕਟ ਨੂੰ ਪੂਰਾ ਕੀਤਾ। ਕਿੰਨਾਂ ਚੰਗਾ ਲੱਗਾ! ਮੈਨੂੰ ਯਾਦ ਹੈ ਕਿ ਜਦ ਮੈਂ ਗ੍ਰੈਜੁਏਸ਼ਨ ਕੀਤੀ ਅਤੇ ਲੰਮਾ ਨਾਟਕ ਲਿਖਣਾ ਪੂਰਾ ਕੀਤਾ ਤਾਂ ਮੈਨੂੰ ਕਿਵੇਂ ਲੱਗਾ ਸੀ। ਭਲਾ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਯਹੂਦੀਆਂ ਨੂੰ ਲਗਭਗ ਪੰਦਰਾਂ ਸਾਲਾਂ ਦੀ ਉਡੀਕ ਤੋਂ ਬਾਅਦ ਹੈਕਲ ਨੂੰ ਪੂਰਾ ਕਰਨ ਤੇ ਕਿਹੋ ਜਿਹਾ ਲੱਗਾ ਹੋਵੇਗਾ? ਉਨ੍ਹਾਂ ਦੀਆਂ ਭਾਵਨਾਵਾਂ ਦਾ ਉਸ ਗੱਲ ਤੋਂ ਪਤਾ ਲਗਦਾ ਹੈ ਜੋ ਇਸੇ ਦੇ ਨਤੀਜੇ ਵਜੋਂ ਉਨ੍ਹਾਂ ਨੇ ਕੀਤੀ:

> ਅਤੇ ਇਹ ਭਵਨ ਅਦਾਰ ਮਹੀਨੇ ਦੇ ਤੀਜੇ ਦਿਨ ਦਾਰਾ ਪਾਤਸ਼ਾਹ ਦੇ ਰਾਜ ਦੇ ਛੇਵੇਂ ਵਰਹੇ ਪੂਰਾ ਹੋ ਗਿਆ ਅਤੇ ਇਸਰਾਏਲੀਆਂ, ਜਾਜਕਾਂ, ਲੇਵੀਆਂ, ਤੇ ਅਸੀਰੀ ਦੀ ਵੰਸ ਦੇ ਬਾਕੀ ਲੋਕਾਂ ਨੇ ਅਨੰਦ ਨਾਲ ਪਰਮੇਸ਼ੁਰ ਦੇ ਏਸ ਭਵਨ ਦੀ ਚੱਠ ਕੀਤੀ (6:15, 16)।

ਉਨ੍ਹਾਂ ਦਾ ਜਸ਼ਨ ਫ਼ਤਹਿ ਦਾ ਜਸ਼ਨ ਸੀ! ਅਖ਼ੀਰ ਫ਼ਤਹਿ ਹੋ ਗਈ! ਐਨੇ ਸਾਲਾਂ ਦੀ ਹਾਰ ਅਤੇ ਨਿਰਾਸ਼ਾ ਤੋਂ ਬਾਅਦ, ਅਖ਼ੀਰ ਯਹੂਦੀਆਂ ਦੀ ਫ਼ਤਹਿ ਹੋ ਗਈ। ਹੈਕਲ ਫੇਰ ਤੋਂ ਬਣਾਈ ਜਾ ਚੁੱਕੀ ਸੀ। ਇਹ ਕਿਵੇਂ ਹੋਇਆ? ਹੈਕਲ ਨੂੰ ਫੇਰ ਤੋਂ ਬਣਾਉਣ ਦਾ ਕੰਮ ਕਿਵੇਂ ਪੂਰਾ ਹੋਇਆ? ਜਦ ਸਾਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਮਿਲ ਜਾਂਦੇ ਹਨ ਤਾਂ ਅਸੀਂ ਬੇਹਤਰ ਢੰਗ ਨਾਲ ਸਮਝ ਸਕਦੇ ਹਾਂ ਕਿ ਖ਼ੁਦਾ ਅੱਜ ਸਾਨੂੰ ਕਿਵੇਂ ਫ਼ਤਹਿ ਦੇ ਸਕਦਾ ਹੈ। ਸਾਨੂੰ ਇਸ ਉੱਤੇ ਧਿਆਨ ਦੇਣਾ ਕਿ ਹੈਕਲ ਕਿਵੇਂ ਬਣੀ ਅਤੇ ਫਿਰ ਇਹ ਪੁੱਛਣਾ ਚਾਹੀਦਾ ਹੈ ਕਿ ਯਹੂਦੀਆਂ ਨੇ ਅਖ਼ੀਰ ਵਿਚ ਕੰਮ ਸਿਰੇ ਕਿਵੇਂ ਚਾੜ੍ਹਿਆ।

*ਫੇਰ ਤੋਂ ਬਣਾਉਣ ਦੇ ਕੰਮ ਦਾ ਪੂਰਾ ਹੋਣਾ।* ਇਹ ਤੈਅ ਕਰਨ ਦੀ ਕੋਸ਼ਿਸ਼ ਤੋਂ ਪਹਿਲਾਂ ਕਿ ਫ਼ਤਹਿ ਕਿਵੇਂ ਮਿਲੀ, ਆਓ ਤੱਥਾਂ ਉੱਤੇ ਵਿਚਾਰ ਕਰੀਏ। ਅਧਿਆਇ 5 ਦੇ ਅਖ਼ੀਰ ਵਿਚ ਯਹੂਦੀਆਂ ਨੇ ਫ਼ਾਰਸੀ ਰਾਜੇ ਦਾਰਾ ਦੇ ਸੂਬੇ ਦੇ ਹਾਕਮਾਂ ਵੱਲੋਂ ਘੱਲੇ ਗਏ ਸੰਦੇਸ਼ ਦੀ ਉਡੀਕ ਕਰਦਿਆਂ ਹੈਕਲ ਨੂੰ ਬਣਾਉਣਾ ਜਾਰੀ ਰੱਖਿਆ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਕਈ ਸਾਲ ਪਹਿਲਾਂ ਕੋਰਸ ਰਾਜੇ ਨੇ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਦਾ ਇਖ਼ਤਿਆਰ ਦਿੱਤਾ ਸੀ (5:13)। ਹਾਕਮਾਂ ਨੇ ਦਾਰਾ ਨੂੰ ਇਹ ਸੁਝਾਅ ਲਿਖਿਆ ਸੀ ਕਿ ਉਹ ਪੜਤਾਲ ਕਰਵਾ ਕੇ ਪਤਾ ਲਾਵੇ ਕਿ ਉਹ ਸੱਚ ਬੋਲ ਰਹੇ ਸਨ ਜਾਂ ਨਹੀਂ (5:17)।

ਅਧਿਆਇ 6 ਦੇ ਅਰੰਭ ਵਿਚ ਦਾਰਾ ਨੇ ਹੁਕਮ ਕੀਤਾ ਸੀ ਕਿ ਅਜਿਹੀ ਪੜਤਾਲ ਕਰਵਾਈ ਜਾਏ। ਪੜਤਾਲ ਦੌਰਾਨ ਹੀ ਇਕ ਪੱਤਰੀ ਮਿਲੀ ਜਿਸ ਨਾਲ ਯਹੂਦੀਆਂ ਦੀ ਗੱਲ ਦੀ ਤਸਦੀਕ ਹੋਈ ਸੀ (6:2–5)।

ਜਿਸ ਕਰਕੇ ਦਾਰਾ ਨੇ ਸੂਬੇ ਦੇ ਹਾਕਮਾਂ ਨੂੰ ਲਿਖਿਆ ਅਤੇ ਉਨ੍ਹਾਂ ਨੂੰ ਯਹੂਦੀਆਂ ਨੂੰ ਆਪਣੇ ਉਸਾਰੀ ਦੇ ਕੰਮ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇਣ ਲਈ ਆਖਿਆ। ਉਸ ਨੇ ਹੁਕਮ ਕੀਤਾ ਕਿ ਕੋਰਸ ਦੇ ਪਹਿਲੇ ਹੁਕਮ ਵਾਂਗ ਹੀ, ਹੈਕਲ ਨੂੰ ਬਣਾਉਣ ਦਾ ਖਰਚਾ ਸ਼ਾਹੀ ਖ਼ਜ਼ਾਨੇ ਵਿੱਚੋਂ ਦਿੱਤਾ ਜਾਵੇ (6:6–8)। ਨਾਲੇ ਉਸ ਨੇ ਇਨ੍ਹਾਂ ਹਾਕਮਾਂ ਨੂੰ ਯਹੂਦੀਆਂ ਨੂੰ ਹੈਕਲ ਵਿਚ ਚੜ੍ਹਾਈਆਂ ਜਾਣ ਵਾਲੀਆਂ ਰੋਜ਼ ਦੀਆਂ ਕੁਰਬਾਨੀਆਂ ਲਈ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾਉਣ ਦਾ ਹੁਕਮ ਕੀਤਾ (6:9, 10)। ਅਖ਼ੀਰ ਵਿਚ ਉਸ ਨੇ ਇਸ ਹੁਕਮ ਨੂੰ ਰੱਦਣ ਜਾਂ ਬਦਲਣ ਜਾਂ ਹੈਕਲ ਨੂੰ ਬਰਬਾਦ ਕਰਨ ਵਾਲੇ ਕਿਸੇ ਵੀ ਆਦਮੀ, ਰਾਜੇ ਜਾਂ ਲੋਕਾਂ ਲਈ ਸਰਾਪ ਦਾ ਐਲਾਨ (6:11, 12)।

ਸੂਬੇ ਦੇ ਹਾਕਮਾਂ ਨੇ ''ਦਾਰਾ ਪਾਤਸ਼ਾਹ ਦੀ ਘੱਲੀ ਹੋਈ ਆਗਿਆ ਅਨੁਸਾਰ ਝਬਦੇ ਕੀਤਾ'' (6:13)। ਇਸ ਤਰ੍ਹਾਂ ਕਈ ਸਾਲਾਂ ਦੇ ਬਾਅਦ ਹੈਕਲ ਨੂੰ ਬਣਾਏ ਜਾਣ ਦਾ ਕੰਮ ਅਖ਼ੀਰ ਵਿਚ ਪੂਰਾ ਹੋ ਗਿਆ।

*ਕੰਮ ਦੇ ਸਫ਼ਲਤਾ ਨਾਲ ਪੂਰਾ ਹੋਣ ਦੇ ਕਾਰਣ।* ਕੰਮ ਸਫ਼ਲਤਾ ਨਾਲ ਪੂਰਾ ਕਿਵੇਂ ਹੋਇਆ? ਇਸ ਵਿਚ ਘੱਟੋ–ਘੱਟ ਚਾਰ ਗੱਲਾਂ ਅਹਿਮ ਸਨ।

1. ਨਬੀਆਂ ਦਾ ਕੰਮ। ਜ਼ਾਹਿਰ ਤੌਰ ਤੇ ਨਬੀਆਂ ਦੇ ਕੰਮ ਨਾਲ ਫ਼ਰਕ ਪਿਆ। ਉਨ੍ਹਾਂ ਦੀ ਬਦੌਲਤ ਹੀ ਅਜ਼ਰਾ ਦੀ ਕਿਤਾਬ ਦੇ ਲੇਖਕ ਨੂੰ ਇਸ ਪ੍ਰੋਜੈਕਟ ਦੇ ਪੂਰਾ ਕੀਤੇ ਜਾਣ ਦਾ ਸਿਹਰਾ ਦਿੱਤਾ ਗਿਆ: ''ਸੋ ਯਹੂਦੀਆਂ ਦੇ ਬਜ਼ੁਰਗ ਹੱਜਈ ਨਬੀ ਤੇ ਇੱਦੋ ਦੇ ਪੁੱਤਰ ਜ਼ਕਰਯਾਹ ਦੇ ਅਗੰਮਵਾਕ ਦੇ ਕਾਰਣ ਉਸਾਰੀ ਕਰਦੇ ਤੇ ਸੁਫਲ ਹੁੰਦੇ ਰਹੇ'' (6:14)। ਹੱਜਈ ਅਤੇ ਜ਼ਕਰਯਾਹ ਨੇ ਉਹ ਹਾਸਲ ਕੀਤਾ ਜਿਸ ਨੂੰ ਹਾਸਲ ਕਰਨ ਲਈ ਉਨ੍ਹਾਂ ਨੇ ਧਿਆਇਆ ਸੀ। ਉਹ ਪੁਰਾਣੇ ਨੇਮ ਦੇ ਕੁਝ ਕੁ ਸਫ਼ਲ ਨਬੀਆਂ ਵਿੱਚੋਂ ਸਨ (ਖ਼ੁਦਾ ਦੇ ਲੋਕਾਂ ਵਿਚ ਬਦਲਾਅ ਲਿਆਉਣ ਦੇ ਅਰਥ ਵਿਚ)। ਪਰ ਉਨ੍ਹਾਂ ਦੀ

ਸਫ਼ਲਤਾ ਅਤੇ ਲੇਖਕ ਵੱਲੋਂ ਹੈਕਲ ਦੇ ਪੂਰਾ ਹੋਣ ਤੇ ਉਨ੍ਹਾਂ ਦਾ ਕੰਮ ਦੱਸਣਾ ਸਾਨੂੰ ਨਬੀ ਦੀ ਸ਼ਕਤੀ ਅਤੇ ਉਸ ਦੇ (ਗੈਰ-ਇਲਹਾਮ ਪ੍ਰਾਪਤ) ਰੂਪ ਨਕਲ, ਪ੍ਰਚਾਰਕ ਦੀ ਸ਼ਕਤੀ ਦਾ ਚੇਤਾ ਕਰਾਉਂਦਾ ਹੈ। ਮੰਡਲੀ ਵਿਚ ਇਕੱਲਾ ਪ੍ਰਚਾਰਕ ਬਹੁਤਾ ਕੁਝ ਨਹੀਂ ਕਰ ਸਕਦਾ। ਪਰ ਜੇ ਪ੍ਰਚਾਰਕ ਇਸ ਦੇ ਖ਼ਿਲਾਫ਼ ਹੋਵੇ ਜਾਂ ਨਿਕੰਮਾ ਹੋਵੇ ਤਾਂ ਮੰਡਲੀ ਵੀ ਬਹੁਤਾ ਕੁਝ ਨਹੀਂ ਕਰ ਸਕਦੀ।

2. ਫ਼ਾਰਸੀ ਰਾਜੇ। ਕੰਮ ਫ਼ਾਰਸੀ ਰਾਜਿਆਂ ਦੇ ਸਹਿਯੋਗ ਅਤੇ ਮਦਦ ਨਾਲ ਵੀ ਪੂਰਾ ਹੋਇਆ। ਆਇਤ 14 ਦੱਸਦੀ ਹੈ, ''ਅਤੇ ਉਨ੍ਹਾਂ ਨੇ ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ ਦੇ ਅਨੁਸਾਰ ਤੇ ਕੋਰਸ ਤੇ ਦਾਰਾ ਤੇ ਫ਼ਾਰਸ ਦੇ ਪਾਤਸ਼ਾਹ ਅਰਤਹਸ਼ਸ਼ਤਾ[22] ਦੀ ਆਗਿਆ ਅਨੁਸਾਰ ਉਹ ਨੂੰ ਬਣਾ ਕੇ ਨਿਬੇੜ ਲਿਆ।''

ਅਜ਼ਰਾ ਦੀ ਕਿਤਾਬ ਵਿਚ ਕੋਰਸ ਅਤੇ ਦਾਰਾ ਨੂੰ ਸਾਊ ਵਿਖਾਇਆ ਗਿਆ ਹੈ। ਕੋਰਸ ਨੇ ਯਹੂਦੀਆਂ ਨੂੰ ਵਾਪਸ ਜਾਣ ਦਿੱਤਾ; ਉਸ ਨੇ ਹੁਕਮ ਦਿੱਤਾ ਕਿ ਉਹ ਹੈਕਲ ਨੂੰ ਬਣਾਉਣ ਅਤੇ ਉਸ ਦਾ ਖ਼ਰਚ ਸਰਕਾਰ ਚੁੱਕੇ। ਇਸ ਤੋਂ ਇਲਾਵਾ ਉਸ ਨੇ ਯਹੂਦੀਆਂ ਦੇ ਬਰਤਨ ਜਿਹੜੇ ਹੈਕਲ ਵਿੱਚੋਂ ਲਿਆਂਦੇ ਗਏ ਸਨ ਮੋੜ ਦਿੱਤੇ। ਦਾਰਾ ਨੇ ਯਹੂਦੀਆਂ ਨਾਲ ਚੰਗਾ ਸਲੂਕ ਕੀਤਾ; ਉਸ ਨੇ ਉਨ੍ਹਾਂ ਦੇ ਉਸਾਰੀ ਦੇ ਕੰਮ ਬਾਰੇ ਸੁਣ ਕੇ ਅਗੇਤਰਾ ਫ਼ੈਸਲਾ ਲੈਣ ਵਿਚ ਕਾਹਲ਼ੀ ਨਹੀਂ ਕੀਤੀ। ਇਸ ਦੇ ਉਲਟ ਜਦ ਉਸ ਨੂੰ ਕੋਰਸ ਦੇ ਹੁਕਮ ਦਾ ਪਤਾ ਲੱਗਾ ਤਾਂ ਉਸ ਨੇ ਪੂਰੀ ਨਿਰਪੱਖਤਾ ਨਾਲ ਹੁਕਮ ਦਿੱਤਾ ਕਿ ਉਸ ਹੁਕਮ ਦੀ ਪਾਲਣਾ ਕੀਤੀ ਜਾਵੇ ਅਤੇ ਇਹ ਆਖ ਕੇ ਕਿ ਯਹੂਦੀਆਂ ਨੂੰ ਕੁਰਬਾਨੀਆਂ ਚੜ੍ਹਾਉਣ ਲਈ ਜੋ ਵੀ ਜ਼ਰੂਰੀ ਹੋਵੇ ਰੋਜ਼ ਮੁਹੱਈਆ ਕਰਵਾਇਆ ਜਾਵੇ, ਉਸ ਨੇ ਕੋਰਸ ਦੇ ਹੁਕਮਾਂ ਨਾਲੋਂ ਵੀ ਅੱਗੇ ਗੱਲ ਕਰ ਦਿੱਤੀ। ਕੋਰਸ ਅਤੇ ਦਾਰਾ ਦੋਹਾਂ ਨੇ ਇਸਰਾਏਲ ਦੇ ਖ਼ੁਦਾ ਬਾਰੇ ਸਨਮਾਨ ਸਹਿਤ ਗੱਲ ਕੀਤੀ (1:2; 6:10, 12)।

ਇਸ ਸਭ ਨਾਲ ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਖ਼ੁਦਾ ਆਪਣੇ ਕੰਮ ਨੂੰ ਪੂਰਾ ਕਰਨ ਲਈ ਕਿਸੇ ਵੀ ਮਨੁੱਖੀ ਹਾਕਮ ਅਤੇ ਮਨੁੱਖੀ ਸਰਕਾਰ ਨੂੰ ਵਰਤ ਸਕਦਾ ਹੈ ਅਤੇ ਵਰਤਦਾ ਹੈ। ਹਕੂਮਤਾਂ ਬਿਨਾਂ ਖ਼ੁਦਾ ਦੇ ਦਖਲ ਦੇ ਨਾ ਤਾਂ ਬਣਦੀਆਂ ਹਨ ਅਤੇ ਨਾ ਡਿੱਗਦੀਆਂ ਹਨ। ਦੁਨਿਆਵੀ ਅਤੇ ਸਿਆਸੀ ਦੁਨੀਆ ਵਿਚ ਜੋ ਕੁਝ ਵੀ ਵਾਪਰਦਾ ਜਾਂ ਨਹੀਂ ਵਾਪਰਦਾ ਹੈ ਉਹਦੇ ਲਈ ਉਸ ਦੀ ਇੱਛਾ ਘੱਟੋ-ਘੱਟ ਜ਼ਰੂਰੀ ਹੁੰਦੀ ਹੈ। ਇਸ ਕਰਕੇ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਸਰਕਾਰ ਹੋਵੇ ਉਸ ਨੂੰ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਖ਼ੁਦਾ ਵੱਲੋਂ ਹੀ ਠਹਿਰਾਇਆ ਗਿਆ ਹੁੰਦਾ ਹੈ।

3. ਖ਼ੁਦਾ ਦਾ ਰੱਬੀ ਇੰਤਜ਼ਾਮ। ਹੈਕਲ ਦੇ ਪੂਰਾ ਹੋਣ ਦਾ ਤੀਜਾ ਕਾਰਕ ਖ਼ੁਦਾ ਆਪ ਸੀ। ਆਇਤ 14 ਦੱਸਦੀ ਹੈ ਕਿ ਲੋਕਾਂ ਨੇ ਉਸਾਰੀ ਇਸ ਕਰਕੇ ਕੀਤੀ ਕਿਉਂ ਜੋ ਫ਼ਾਰਸ ਦੇ ਰਾਜਿਆਂ ਨੇ ਹੁਕਮ ਜਾਰੀ ਕੀਤਾ ਸੀ। ਇਸ ਤੋਂ ਇਲਾਵਾ ਲੇਖਕ ਨੇ ਉਸ ਨੂੰ ਪਹਿਲ ਦਿੱਤੀ ਜਿਸ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਹੈਕਲ ਇਸ ਕਰਕੇ ਬਣੀ ਕਿਉਂ ਜੋ ਖ਼ੁਦਾ ਚਾਹੁੰਦਾ ਸੀ ਕਿ ਇਹ ਬਣੇ! ਖ਼ੁਦਾ ਨੇ ਹੁਕਮ ਜਾਰੀ ਕੀਤਾ ਅਤੇ ਉਸ ਦਾ ਹੁਕਮ ਉਸਾਰੀ ਦੇ ਇਸ ਕੰਮ ਦੇ ਪੂਰਾ ਹੋਣ ਵਿਚ ਸਭ ਤੋਂ ਵੱਡਾ ਕਾਰਣ ਸੀ।

ਕੋਈ ਪੁੱਛ ਸਕਦਾ ਹੈ, ''ਜੇ ਖ਼ੁਦਾ ਹੈਕਲ ਨੂੰ ਬਣਾਉਣਾ ਚਾਹੁੰਦਾ ਸੀ ਤਾਂ ਉਸ ਨੇ ਇਸ ਨੂੰ ਪਹਿਲਾਂ ਕਿਉਂ ਨਹੀਂ ਬਣਵਾਇਆ?'' ਉਸ ਨੇ ਉਡੀਕ ਕਿਉਂ ਕੀਤੀ, ਯਹੂਦੀਆਂ ਤੋਂ ਉਸ ਕੰਮ ਦੇ ਪੂਰਾ ਹੋਣ ਵਿਚ ਜਿਸ ਨੂੰ ਉਹ ਆਪ ਪੂਰਾ ਕਰਵਾਉਣਾ ਚਾਹੁੰਦਾ ਸੀ, ਪੰਦਰਾਂ ਤੋਂ ਵੱਧ ਸਾਲਾਂ ਤਕ ਉਡੀਕ ਕਿਉਂ ਕਰਵਾਈ? ਇਸ ਸਵਾਲ ਦਾ ਜਵਾਬ ਦੋ ਪੱਧਰਾਂ ਤੇ ਦਿੱਤਾ ਜਾਣਾ ਚਾਹੀਦਾ ਹੈ।

ਪਹਿਲਾ, ਜ਼ਰੂਰੀ ਹੈ ਕਿ ਇਸ ਦਾ ਜਵਾਬ ਮਨੁੱਖੀ ਪੱਧਰ ਤੇ ਦਿੱਤਾ ਜਾਵੇ। ਮਨੁੱਖੀ ਪੱਖ ਤੋਂ ਬਾਅਦ ਜਵਾਬ ਇਕ ਤੋਂ ਇਕ ਘਟਨਾਵਾਂ ਵਿਚ ਮਿਲਦਾ ਹੈ। (1) ਯਹੂਦੀਆਂ ਨੇ ਕੰਮ ਦੀ ਸ਼ੁਰੂਆਤ ਕੀਤੀ। (2) ਵਿਰੋਧ ਹੋਇਆ। (3) ਯਹੂਦੀ ਡਰ ਗਏ ਅਤੇ ਮਾਯੂਸ ਹੋ ਗਏ, ਇਸ ਕਰਕੇ ਉਨ੍ਹਾਂ ਨੇ

ਕੰਮ ਬੰਦ ਕਰ ਦਿੱਤਾ। (4) ਫਿਰ ਹੱਜਈ ਦੇ ਮੁਤਾਬਕ ਉਹ ਆਪਣੀ ਜ਼ਿੰਦਗੀ ਅਤੇ ਕੰਮਕਾਰ ਵਿਚ ਐਨੇ ਰੁੱਝ ਗਏ ਕਿ ਉਨ੍ਹਾਂ ਨੂੰ ਖ਼ੁਦਾ ਦੇ ਕੰਮ ਦੀ ਗੱਲ ਚੇਤੇ ਨਾ ਰਹੀ। (5) ਜ਼ਕਰਯਾਹ ਦੇ ਸੰਦੇਸ਼ ਤੋਂ ਅੰਦਾਜ਼ਾ ਲਾ ਕੇ ਉਹ ਕਿਸੇ ਵੀ ਕੰਮ ਨੂੰ ਪੂਰਾ ਕਰਨ ਦੀ ਆਪਣੀ ਯੋਗਤਾ ਉੱਤੇ ਵੀ ਸ਼ੱਕ ਕਰਨ ਲਗ ਪਏ ਹੋਣਗੇ ਕਿਉਂ ਜੋ ਉਹ ਬਹੁਤ ਘੱਟ ਗਿਣਤੀ ਵਿਚ ਅਤੇ ਨਾਮਾਤਰ ਦੇ ਸਨ। ਇਸ ਕਰਕੇ ਉਨ੍ਹਾਂ ਦੀ ਕਮਜ਼ੋਰੀ ਅਤੇ ਭੁੱਲਣਹਾਰਤਾ ਦੇ ਕਾਰਣ ਇਕ ਦਹਾਕੇ ਤੋਂ ਵੱਧ ਕੰਮ ਬੰਦ ਰਿਹਾ। ਅਜਿਹਾ ਜਵਾਬ ਵਿਹਾਰਕ ਅਤੇ ਦਰੁੱਸਤ ਹੈ। ਪਰ ਇਸ ਦਾ ਇਕ ਹੋਰ ਜਵਾਬ ਹੈ।

ਸਵਾਲ ਦਾ ਜਵਾਬ ਰੱਬੀ ਪੱਧਰ ਤੇ ਵੀ ਦਿੱਤਾ ਜਾਣਾ ਜ਼ਰੂਰੀ ਹੈ। ਭਾਵ ਇਹ ਕਿ ਖ਼ੁਦਾ ਜੇ ਹੈਕਲ ਨੂੰ ਬਣਾਉਣ ਦਾ ਚਾਹਵਾਨ ਸੀ ਤਾਂ ਉਹਨੇ ਇਨ੍ਹਾਂ ਘਟਨਾਵਾਂ ਨੂੰ ਕਿਉਂ ਹੋਣ ਦਿੱਤਾ? ਸਭ ਉੱਤੇ ਪ੍ਰਭੂ ਹੋਣ ਕਰਕੇ ਖ਼ੁਦਾ ਭਲਾ ਸਭ ਤੋਂ ਪਹਿਲਾਂ ਉੱਠਣ ਵਾਲੇ ਵਿਰੋਧ ਨੂੰ ਰੋਕ ਨਹੀਂ ਸਕਦਾ ਸੀ? ਜੇ ਕੰਮ ਨੂੰ ਫੇਰ ਤੋਂ ਸ਼ੁਰੂ ਕਰਨ ਲਈ ਲੋਕਾਂ ਨੂੰ ਨਬੀਆਂ ਦੀ ਲੋੜ ਸੀ ਤਾਂ ਫਿਰ ਖ਼ੁਦਾ ਨੇ ਦਸ ਸਾਲ ਪਹਿਲਾਂ ਨਬੀਆਂ ਨੂੰ ਕਿਉਂ ਨਹੀਂ ਘੱਲਿਆ? ਅਸੀਂ ਅਜਿਹੇ ਸਵਾਲਾਂ ਦੇ ਜਵਾਬ ਕਿਵੇਂ ਦਈਏ?

ਸਾਫ਼ ਤੌਰ ਤੇ ਸਾਡੇ ਸਵਾਲ ਦਾ ਪਹਿਲਾ ਜਵਾਬ ਹੈ ''ਸਾਨੂੰ ਨਹੀਂ ਪਤਾ।'' ਕੋਈ ਵੀ ਇਹ ਪੱਕਾ ਨਹੀਂ ਜਾਣ ਸਕਦਾ ਕਿ ਜਦ ਖ਼ੁਦਾ ਕੋਈ ਕੰਮ ਕਰਦਾ ਹੈ ਤਾਂ ਉਹ ਕੀ ਕਰਦਾ ਹੈ ਜਾਂ ਕਿਉਂ ਕਰਦਾ ਹੈ। ਖ਼ੁਦਾ ਦੇ ਰਾਹ ਆਦਮੀ ਦੇ ਰਾਹ ਨਹੀਂ ਹਨ। ਅਸੀਂ ਉਸ ਦੇ ਦਿਮਾਗ ਨੂੰ ਨਹੀਂ ਜਾਣ ਸਕਦੇ।

ਪਰ ਦੂਜਾ ਜਵਾਬ ਇਹ ਹੋ ਸਕਦਾ ਹੈ ਕਿ ਕਿਸੇ ਨਾ ਕਿਸੇ ਕਾਰਣ ਖ਼ੁਦਾ ਨੂੰ ਹੈਕਲ ਨੂੰ ਬਣਾਏ ਜਾਣ ਦੀ ਇਜਾਜ਼ਤ ਦੇਣ ਵਿਚ ਦੇਰ ਕਰਨਾ ਚੰਗਾ ਲੱਗਾ। ਉਸ ਦੇਰ ਨਾਲ ਕੀ ਹਾਸਲ ਹੋ ਸਕਦਾ ਸੀ?

ਉਡੀਕ ਕਰਨ ਨਾਲ ਯਹੂਦੀਆਂ ਨੂੰ ਕੁਝ ਸਿੱਖਿਆ ਮਿਲੀ ਹੋਵੇਗੀ। ਐਨੇ ਲੰਮੇਂ ਸਮੇਂ ਤਕ ਉਨ੍ਹਾਂ ਦੀ ਬੇਦਿਲੀ ਅਤੇ ਆਲਸ ਨਾਲ ਹੱਜਈ ਅਤੇ ਜ਼ਕਰਯਾਹ ਦੇ ਸੰਦੇਸ਼ਾਂ ਲਈ ਜ਼ਮੀਨ ਤਿਆਰ ਹੋ ਗਈ। ਇਸ ਨਾਲ ਦੋਹਾਂ ਨਬੀਆਂ ਲਈ ਜ਼ਰੂਰੀ ਸਬਕ ਤਿਆਰ ਹੋ ਗਏ ਪਰ ਇਸ ਨਾਲ ਵਧੇਰੇ ਮਹੱਤਵਪੂਰਣ ਸੰਦੇਸ਼ ਵੀ ਬਣ ਗਏ। ਸਾਨੂੰ ਆਪਣੀ ਹਾਰ ਤੋਂ ਵੀ ਓਨਾਂ ਹੀ ਸਬਕ ਮਿਲਦਾ ਹੈ ਜਿੰਨਾਂ ਆਪਣੀ ਕਾਮਯਾਬੀ ਤੋਂ ਸਿੱਖਣ ਨੂੰ ਮਿਲਦਾ ਹੈ।

ਦੇਰ ਨਾਲ ਕੁਝ ਹੋਰ ਵੀ ਹਾਸਲ ਹੋਇਆ ਹੋਵੇਗਾ: ਲਗਦਾ ਹੈ ਕਿ ਦਾਰਾ ਕੋਰਸ ਨਾਲੋਂ ਵੀ ਵੱਧ ਉਦਾਰ ਸੀ। ਕੋਰਸ ਨੇ ਯਹੂਦੀਆਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੱਤੀ, ਉਨ੍ਹਾਂ ਨੂੰ ਉਹ ਭਾਂਡੇ ਮੋੜ ਦਿੱਤੇ ਜਿਹੜੇ ਹੈਕਲ ਦੀ ਬਰਬਾਦੀ ਵੇਲੇ ਬਾਬਲ ਦੇ ਲੋਕ ਲੁੱਟ ਲਿਆਏ ਸਨ ਅਤੇ ਦੂਜਿਆਂ ਨੂੰ ਮਨਮਰਜ਼ੀ ਦੀਆਂ ਭੇਟਾਂ ਨਾਲ ਉਨ੍ਹਾਂ ਦੀ ਮਦਦ ਲਈ ਇਜਾਜ਼ਤ ਦਿੱਤੀ (1:3–11)। ਦਾਰਾ ਦੀ ਇਸ ਨਾਲੋਂ ਵੀ ਵੱਡੀ ਉਦਾਰਤਾ ਦਾ ਪਤਾ ਇਨ੍ਹਾਂ ਤੱਥਾਂ ਤੋਂ ਲਗਦਾ ਹੈ: (1) ਭਵਨ ਦੇ ਬਣਾਏ ਜਾਣ ਦਾ ਖ਼ਰਚਾ ਸ਼ਾਹੀ ਖਜ਼ਾਨੇ ਵਿੱਚੋਂ ਦਿੱਤਾ ਜਾਣਾ ਸੀ (6:8)। (2) ਰੋਜ਼ ਚੜ੍ਹਾਈਆਂ ਜਾਣ ਵਾਲੀਆਂ ਕੁਰਬਾਨੀਆਂ ਯਰੂਸ਼ਲਮ ਵਿਚ ਰਾਜੇ ਦੇ ਅਧਿਕਾਰੀਆਂ ਵੱਲੋਂ ਮੁਹੱਈਆ ਕਰਵਾਈਆਂ ਜਾਣੀਆਂ ਸਨ (6:9)। (3) ਜੇ ਕੋਈ ਵੀ ਯਹੂਦੀਆਂ ਅਤੇ ਉਨ੍ਹਾਂ ਦੀ ਹੈਕਲ ਦੇ ਸਬੰਧ ਵਿਚ ਰਾਜੇ ਦੇ ਹੁਕਮਾਂ ਨੂੰ ਨਾ ਮੰਨਦਾ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਸੀ। ਦੂਜੇ ਸ਼ਬਦਾਂ ਵਿਚ ਦਾਰਾ ਨੇ ਨਿੱਜੀ ਤੌਰ ਤੇ ਉਹ ਸਾਧਨ ਉਪਲਬਧ ਕਰਵਾਏ ਜਿਨ੍ਹਾਂ ਨਾਲ ਹੈਕਲ ਬਣਾਈ ਜਾਣੀ ਸੀ ਅਤੇ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਰਹਿਣੀਆਂ ਸਨ। ਸ਼ਾਇਦ ਖ਼ੁਦਾ ਨੇ ਹੈਕਲ ਦੇ ਬਣਾਏ ਜਾਣ ਦੇ ਕੰਮ ਵਿਚ ਦੇਰ ਇਸ ਕਰਕੇ ਹੋਣ ਦਿੱਤੀ ਤਾਂ ਜੋ ਯਹੂਦੀਆਂ ਲਈ ਹੋਰ ਸੁਖਾਵਾਂ ਮਾਹੌਲ ਬਣ ਸਕੇ। ਜੇ ਉਹ ਉਸਾਰੀ ਦੇ ਕੰਮ ਨੂੰ ਪਹਿਲਾਂ ਪੂਰਾ ਕਰ ਲੈਂਦੇ ਤਾਂ ਉਨ੍ਹਾਂ ਨੂੰ ਸ਼ਾਹੀ ਖਜ਼ਾਨੇ ਤੋਂ ਐਨੀ ਮਦਦ ਨਹੀਂ ਮਿਲਣੀ ਸੀ, ਜਿੰਨੀ ਮਿਲ ਗਈ।

ਬਹੁਤ ਵਾਰ ਕਲੀਸੀਆ ਵਿਚ ਜਾਂ ਸਾਡੀਆਂ ਆਪਣੀਆਂ ਜ਼ਿੰਦਗੀਆਂ ਵਿਚ ਸਾਡੀਆਂ ਯੋਜਨਾਵਾਂ ਸਾਡੀ ਉਮੀਦ ਦੇ ਮੁਤਾਬਕ ਪੂਰੀਆਂ ਨਹੀਂ ਹੁੰਦੀਆਂ ਸਾਡੇ ਪ੍ਰੋਜੈਕਟ ਕਈ ਕਈ ਸਾਲਾਂ ਤਕ ਅਧੂਰੇ ਰਹਿੰਦੇ ਹਨ। ਅਸੀਂ ਜੋ ਕੁਝ ਵੀ ਕਰਨ ਦੀ ਕੋਸ਼ਿਸ਼ ਕਰਦੇ ਹਾਂ ਉਸ ਵਿਚ ਨਾਕਾਮੀ ਲਗਦੀ ਹੈ। ਲਗਦਾ ਹੈ

ਕਿ ਸਾਡੇ ਵਿਰੋਧੀ ਜਿੱਤ ਗਏ। ਦੂਜੇ ਸ਼ਬਦਾਂ ਵਿਚ ਅਸੀਂ ਆਪਣੇ ਆਪ ਨੂੰ ਉਵੇਂ ਹੀ ਮਾਯੂਸ ਸਮਝਦੇ ਹਾਂ ਜਿਵੇਂ ਯਹੂਦੀਆਂ ਨੇ ਆਪਣੇ ਆਪ ਨੂੰ ਸਮਝਿਆ ਸੀ। ਭਲਾ ਸਾਨੂੰ ਅਜ਼ਰਾ ਦੇ ਸਮੇਂ ਦੇ ਯਹੂਦੀਆਂ ਤੋਂ ਦਲੇਰੀ ਨਹੀਂ ਮਿਲ ਸਕਦੀ? ਉਹ ''ਸਭ ਪਾਸਿਉਂ ਕਸ਼ਟ ਵਿਚ'' ਸਨ ''ਪਰ ਮਿੱਧੇ ਨਹੀਂ ਗਏ, ਦੁਵਿਧਾ ਵਿਚ ਸਨ ਪਰ ਹੱਦੋਂ ਵੱਧ ਨਹੀਂ'' (ਵੇਖੋ 2 ਕੁਰਿੰਥੀਆਂ 4:8)। ਖ਼ੁਦਾ ਦੀ ਮਦਦ ਨਾਲ ਉਨ੍ਹਾਂ ਸਰ ਕੀਤਾ ਅਤੇ ਫ਼ਤਹਿਮੰਦ ਹੋਏ! ਪ੍ਰੋਜੈਕਟ ਦੇ ਪੂਰਾ ਹੋਣ ਵਾਲੀ ਦੇਰੀ ਨਾਲ ਉਨ੍ਹਾਂ ਦਾ ਫ਼ਾਇਦਾ ਹੀ ਹੋਇਆ। ਜਿਹੜੀ ਗੱਲ ਲਗਦਾ ਸੀ ਕਿ ਮਾੜੀ ਹੈ ਉਹ ਚੰਗੀ ਵਿਚ ਬਦਲ ਗਈ, ਜੋ ਸਾਨੂੰ ਯਾਦ ਦੁਆਉਂਦਾ ਹੈ ਕਿ ਖ਼ੁਦਾ ਕਈ ਵਾਰ ਇਸੇ ਤਰ੍ਹਾਂ ਕੰਮ ਕਰਦਾ ਹੈ (ਵੇਖੋ ਰੋਮੀਆਂ 8:28)।

4. ਯਹੂਦੀਆਂ ਦੇ ਉਪਰਾਲੇ। ਹੈਕਲ ਦੇ ਪ੍ਰੋਜੈਕਟ ਦਾ ਕੰਮ ਯਹੂਦੀਆਂ ਵੱਲੋਂ ਕੀਤੀ ਗਈ ਕੁਝ ਕੋਸ਼ਿਸ਼ ਦੇ ਬਿਨਾਂ ਪੂਰਾ ਨਹੀਂ ਹੋਇਆ। ਕੰਮ ਬੰਦ ਉਨ੍ਹਾਂ ਨੇ ਹੀ ਕੀਤਾ ਅਤੇ ਜਦ ਨਵੇਂ ਸਿਰਿਉਂ ਪ੍ਰੋਜੈਕਟ ਸ਼ੁਰੂ ਹੋਇਆ ਤਾਂ ਫੇਰ ਤੋਂ ਕੰਮ ਵਿਚ ਰੁੱਝਣਾ ਉਨ੍ਹਾਂ ਲਈ ਹੀ ਜ਼ਰੂਰੀ ਸੀ। ਇਸ ਤਰ੍ਹਾਂ ਨਾਲ ਵਚਨ ਸਾਨੂੰ ਦੱਸਦਾ ਹੈ ਕਿ ''ਯਹੂਦੀਆਂ ਦੇ ਬਜ਼ੁਰਗ ਹੱਜਈ ਨਬੀ ਤੇ ਇੱਦੋ ਦੇ ਪੁੱਤਰ ਜ਼ਕਰਯਾਹ ਦੇ ਅਗੰਮਵਾਕ ਦੇ ਕਾਰਣ ਉਸਾਰੀ ਕਰਦੇ ਤੇ ਸੁਫਲ ਹੁੰਦੇ'' ਅਤੇ ''ਉਹ ਨੇ ਬਣਾ ਕੇ ਨਿਬੇੜ ਲਿਆ'' (6:14)। ਨਬੀ ਕਾਮਯਾਬ ਹੋ ਗਏ ਸਨ, ਪਰ ਉਨ੍ਹਾਂ ਨੂੰ ਕਿਸੇ ਦੀ ਲੋੜ ਸੀ ਜਿਹੜਾ ਉਨ੍ਹਾਂ ਦੀ ਸੁਣ ਕੇ ਮੰਨਦਾ। ਫ਼ਾਰਸੀ ਰਾਜੇ ਨੇ ਹੁਕਮ ਦਿੱਤਾ ਸੀ ਕਿ ਹੈਕਲ ਨੂੰ ਬਣਾਇਆ ਜਾਵੇ, ਪਰ ਉਸ ਦਾ ਹੁਕਮ ਮੰਨਣ ਲਈ ਲੋਕਾਂ ਨੂੰ ਵੀ ਤਿਆਰ ਹੋਣਾ ਜ਼ਰੂਰੀ ਸੀ। ਆਪਣੇ ਰੱਬੀ ਇੰਤਜ਼ਾਮ ਵਿਚ ਖ਼ੁਦਾ ਨੇ ਕੰਮ ਕੀਤੇ ਜਾਣ ਦਾ ਇੰਤਜ਼ਾਮ ਕੀਤਾ ਪਰ ਆਪਣੇ ਲੋਕਾਂ ਦੀ ਕੋਸ਼ਿਸ਼ ਦੇ ਬਗ਼ੈਰ ਨਹੀਂ।

ਅਸੀਂ ਮਗਰ ਬੈਠ ਕੇ ਇਹ ਉਮੀਦ ਨਹੀਂ ਕਰ ਸਕਦੇ ਕਿ ਸਾਡਾ ਅਧੂਰਾ ਕੰਮ ਪੂਰਾ ਹੋ ਜਾਵੇਗਾ। ਸਫ਼ਲਤਾ ਇਸ ਕਰਕੇ ਨਹੀਂ ਮਿਲਦੀ ਕਿ ਕਿਸੇ ਪ੍ਰਚਾਰਕ ਨੇ ਕਿਸੇ ਖ਼ਾਸ ਵਿਸ਼ੇ ਤੇ ਪ੍ਰਚਾਰ ਕੀਤਾ ਜਾਂ ਖ਼ੁਦਾ ਚਾਹੁੰਦਾ ਹੈ ਕਿ ਕੋਈ ਕੰਮ ਪੂਰਾ ਕੀਤਾ ਜਾਵੇ। ਖ਼ੁਦਾ ਦੁਨੀਆਂ ਵਿਚ ਆਪਣੇ ਕੰਮ ਨੂੰ ਆਪਣੇ ਲੋਕਾਂ ਦੇ ਰਾਹੀਂ ਪੂਰਾ ਕਰਦਾ ਹੈ। ਜਦ ਤਕ ਉਹ ''ਇਸਥਿਰ ਅਤੇ ਅਡੋਲ ਹੋ ਕੇ ਪ੍ਰਭੂ ਦੇ ਕੰਮ ਵਿਚ ਸਦਾ ਵਧਦੇ'' ਜਾਣ ਲਈ ਤਿਆਰ ਨਹੀਂ ਹਨ (1 ਕੁਰਿੰਥੀਆਂ 15:58), ਤਦ ਤਕ ਹੋ ਸਕਦਾ ਹੈ ਕਿ ਖ਼ੁਦਾ ਜਿਹੜਾ ਕੰਮ ਕਰਵਾਉਣਾ ਚਾਹੁੰਦਾ ਸੀ ਉਹ ਅਧੂਰਾ ਰਿਹਾ।

*ਸਾਰ।* ਖ਼ੁਦਾ ਦੀ ਯੋਜਨਾ ਵਿਚ ਸਾਡੀ ਭੂਮਿਕਾ ਉਸ ਦੇ ਕੰਮ ਲਈ ਵਫ਼ਾਦਾਰ ਬਣੇ ਰਹਿਣ, ਜਿਸ ਨੂੰ ਅਸੀਂ ਉਸ ਦੀ ਇੱਛਾ ਮੰਨਦੇ ਹਾਂ ਉਸ ਨੂੰ ਪੂਰਾ ਕਰਨ ਵਿਚ ਡਟੇ ਰਹਿਣ, ਉਸ ਦੇ ਕੰਮ ਨੂੰ ਕਰਦੇ ਰਹਿਣ ਦੀ ਹੈ। ਹੋ ਸਕਦਾ ਹੈ ਕਿ ਆਪਣੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਆਰਜ਼ੀ ਤੌਰ ਤੇ ਕਾਮਯਾਬ ਨਾ ਹੋਈਏ, ਆਰਜ਼ੀ ਉਸ ਕੰਮ ਨੂੰ ਪੂਰਾ ਨਾ ਕਰ ਸਕੀਏ। ਅਜਿਹਾ ਹੋਣ ਤੇ ਸਾਨੂੰ ਯਹੂਦੀਆਂ ਦੀ ਕਹਾਣੀ, ਹੈਕਲ ਦਾ ਬਣਾਏ ਜਾਣ ਅਤੇ ਉਨ੍ਹਾਂ ਦੇ ਫ਼ਤਹਿਮੰਦ ਹੋਣ ਨੂੰ ਯਾਦ ਰੱਖਣਾ ਚਾਹੀਦਾ ਹੈ! ਇਹ ਯਾਦ ਰੱਖਦਿਆਂ ਕਿ ਖ਼ੁਦਾ ਸਾਡੀ ਸਮੇਂ ਸਾਰਣੀ ਦਾ ਬੱਧਾ ਨਹੀਂ ਹੈ, ਧੀਰਜ ਰੱਖਣਾ ਜ਼ਰੂਰੀ ਹੈ। ਇਸ ਤੋਂ ਬਾਅਦ ਸਾਨੂੰ ਕੋਸ਼ਿਸ਼ ਕਰਦੇ ਰਹਿਣਾ ਜ਼ਰੂਰੀ ਹੈ। ਕਿੰਨੀ ਦੇਰ ਤਕ? ਇਕ ਪ੍ਰਸਿੱਧ ਹੈਵੀਵੇਟ ਚੈਂਪਿਅਨ ਮੁੱਕੇਬਾਜ਼ (ਬਾਕਸਰ) ਤੋਂ ਉਸ ਦੀ ਕਾਮਯਾਬੀ ਦਾ ਰਾਜ ਪੁੱਛੇ ਜਾਣ ਤੇ ਉਸ ਦਾ ਜਵਾਬ ਸੀ, ''ਇਕ ਹੋਰ ਰਾਊਂਡ ਫ਼ਾਈਟ ਕਰਨਾ।'' ਸਾਨੂੰ ਨੂੰ ਵੀ ਇਸੇ ਤਰ੍ਹਾਂ ਤਿਆਰ ਰਹਿਣਾ ਜ਼ਰੂਰੀ ਹੈ ਕਿ ਇਕ ਹੋਰ ਰਾਊਂਡ ਫ਼ਾਈਟ ਕਰਨੀ ਹੈ! ਕਦੀ ਹਾਰ ਨਹੀਂ ਮੰਨਣੀ!

ਸਾਡਾ ਵਿਸ਼ਵਾਸ ਹੈ ਕਿ ਅਖ਼ੀਰ ਵਿਚ ਖ਼ੁਦਾ ਸਾਨੂੰ ਫ਼ਤਹਿ ਦੁਆਏਗਾ। ਜਦ ਉਹ ਅਜਿਹਾ ਕਰਦਾ ਹੈ ਤਾਂ ਸਾਨੂੰ ਹੋਰ ਸਫ਼ਲਤਾ ਮਿਲਦੀ ਹੈ ਤਾਂ ਅਸੀਂ ਉਸ ਨਾਲੋਂ ਵੱਧ ਬਰਕਤਾਂ ਮਾਣਦੇ ਹਾਂ ਜਿਹੜੀਆਂ ਪਹਿਲੀ ਕੋਸ਼ਿਸ਼ ਤੇ ਕਾਮਯਾਬ ਹੋਣ ਤੇ ਨਹੀਂ ਮਾਣ ਸਕਦੇ ਸੀ। ਫੇਰ ਜਦ ਅਸੀਂ ਉਸ ਫ਼ਤਹਿ ਨੂੰ ਪਾ ਲੈਂਦੇ ਹਾਂ ਤਾਂ ਅਸੀਂ ਉਵੇਂ ਕਰ ਸਕਦੇ ਹਾਂ ਜਿਵੇਂ ਯਹੂਦੀਆਂ ਨੇ ਕੀਤਾ: ਜਸ਼ਨ! ਅਸੀਂ ਖ਼ੁਦਾ ਦੀ ਭਲਿਆਈ ਅਤੇ ਸਾਨੂੰ ਫ਼ਤਹਿ ਦੁਆਉਣ ਲਈ ਉਸ ਦੀ ਵਡਿਆਈ ਅਤੇ ਸ਼ੁਕਰਗੁਜ਼ਾਰੀ ਕਰਾਂਗੇ!

ਇਕ ਹੋਰ ਗੱਲ ਧਿਆਨ ਦੇਣ ਵਾਲੀ ਹੈ ਕਿ ਭਾਵੇਂ ਕਾਮਯਾਬ ਹੋਈਏ ਅਤੇ ਭਾਵੇਂ ਨਾਕਾਮ, ਪਰ ਜੇ ਅਸੀਂ ''ਮਰਨ ਤੋੜੀ ਵਫ਼ਦਾਰ'' ਰਹਿੰਦੇ ਹਾਂ (ਪਰਕਾਸ਼ 2:10) ਤਾਂ ਸਾਨੂੰ ਨਿੱਜੀ ਤੌਰ ਤੇ ਅਖ਼ੀਰ ਵਿਚ ਫ਼ਤਹਿ ਮਿਲੇਗੀ! ਮੈਨੂੰ ਉਨ੍ਹਾਂ ਲੋਕਾਂ ਦਾ ਧਿਆਨ ਆਉਂਦਾ ਹੈ ਜਿਨ੍ਹਾਂ ਨੂੰ ਪਰਕਾਸ਼ ਦੀ ਪੋਥੀ ਵਿਚ ਖ਼ੁਦਾ ਦੀ ਹਜ਼ੂਰੀ ਵਿਚ ਉਸ ਦੀ ਵਡਿਆਈ ਕਰਦੇ ਵਿਖਾਇਆ ਗਿਆ ਹੈ ਅਤੇ ਜਿਨ੍ਹਾਂ ਨੂੰ ''ਆਪਣੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਅਤੇ ਉਨ੍ਹਾਂ ਨੂੰ ਚਿੱਟਾ'' ਕੀਤੇ ਹੋਏ ''ਵੱਡੀ ਵਿਪਤਾ ਵਿੱਚੋਂ ਆਉਂਦੇ'' ਵਿਖਾਇਆ ਗਿਆ ਹੈ (ਪਰਕਾਸ਼ 7:14)। ਜ਼ਿੰਦਗੀ ਵਿਚ, ਬਿਪਤਾ; ਮੌਤ ਵਿਚ ਫ਼ਤਹਿ ਦਾ ਜਸ਼ਨ! ਜੇ ਅਸੀਂ ਆਪਣੇ ਆਪ ਨੂੰ ''ਲੇਲੇ ਦੇ ਲਹੂ ਵਿਚ ਧੋ'' ਕੇ ਉਸ ਦੇ ਵਫ਼ਾਦਾਰ ਰਹਿੰਦੇ ਹਾਂ, ਤਾਂ ਅਸੀਂ ਸਭ ਅਜਿਹੇ ਹੀ ਅਨੁਭਵ ਨੂੰ ਮਾਣਨ ਦੀ ਉਮੀਦ ਕਰਦੇ ਹਾਂ!

---

ਟਿੱਪਣੀਆਂ

[1]ਮੂਲ ਸ਼ਬਦ ''ਕਿਤਾਬ ਘਰ'' (***beyth siprayya'***, *ਬੇਥ ਸਿਪਰਾਇਆ*) ਨੂੰ NASB ਵਿਚ ''ਆਰਕਾਈਵ'' ਲਿਖਿਆ ਗਿਆ ਹੈ – ਅਨੁਵਾਦਕ। [2]ਯੂਨਾਨੀ ਇਤਹਾਸਕਾਰ ਜ਼ੀਨੋਫ਼ੋਨ ਦੀ ਇਕ ਟਿੱਪਣੀ ਇਸ ਖੋਜ ਉੱਤੇ ਰੌਸ਼ਨੀ ਪਾਉਂਦੀ ਹੈ: ''ਕੋਰਸ ਆਪਣੇ ਰਾਜ ਦੇ ਕੇਂਦਰ ਵਿਚ ਰਹਿੰਦਾ ਸੀ ਅਤੇ ਸਿਆਲ ਦੀ ਰੁੱਤੇ ਉਹ ਸੱਤ ਮਹੀਨੇ ਬਾਬਲ ਵਿਚ ਕੱਟਦਾ ਸੀ, ਕਿਉਂ ਜੋ ਉੱਥੇ ਮੌਸਮ ਗਰਮ ਹੁੰਦਾ ਸੀ; ਬਸੰਤ ਰੁੱਤੇ ਉਹ ਸ਼ੂਸ਼ਨ ਵਿਚ ਤਿੰਨ ਮਹੀਨੇ ਕੱਟਦਾ ਅਤੇ ਬਹੁਤ ਜ਼ਿਆਦਾ ਗਰਮੀ ਵਿਚ ਦੋ ਮਹੀਨੇ ਅਕਬਟਾਨਾ ਵਿਚ। ਕਹਿੰਦੇ ਹਨ ਕਿ ਅਜਿਹਾ ਕਰਕੇ ਉਹ ਗਰਮੀ ਅਤੇ ਸਰਦੀ ਦੇ ਮੌਸਮ ਦਾ ਅਨੰਦ ਮਾਣਦਾ ਸੀ'' (ਜ਼ੀਨੋਫ਼ੋਨ *ਸਾਈਰੋਪੀਡੀਆ* 8.6.22; ਵੇਖੋ *ਐਨਾਬੇਸਿਸ* 3.5.15)। [3]''ਭਵਨ'' (***bayith***, *ਬਾਇਥ*) ਮੂਲ ਵਿਚ ''ਘਰ'' ਹੈ। [4]ਅਰਾਮੀ ਸ਼ਬਦ ***s$^e$bal*** (*ਸੇਬਾਲ*) ਦੇ ਅਰਥ ਦਾ ਪੱਕਾ ਪਤਾ ਨਹੀਂ ਹੈ। NASB ਵਿਚ ਜਿੱਥੇ ਇਸ ਦਾ ਅਨੁਵਾਦ ''ਕਾਇਮ ਰੱਖਿਆ'' ਕੀਤਾ ਗਿਆ ਹੈ ਉੱਥੇ ਹੀ ਹੋਰਨਾਂ ਸੰਸਕਰਣਾਂ ਵਿਚ ਇਸ ਦਾ ਅਨੁਵਾਦ ''ਧਰੀ ਗਈ'' ਹੋਇਆ ਹੈ (KJV; ASV; NIV; NKJV)। ਕੁਝ ਸੰਸਕਰਣਾਂ ਵਿਚ ਇਸ ਸ਼ਬਦ ਨੂੰ ਹੈਕਲ ਦੀ ਨੀਂਹ ਨਾਲ ਜੋੜੇ ਜਾਣ ਦੀ ਥਾਂ ਇਸ ਦੀ ਵਰਤੋਂ ਉੱਥੇ ਦਿੱਤੀਆਂ ਜਾਣ ਵਾਲੀਆਂ ਭੇਟਾਂ ਦੇ ਸਬੰਧ ਵਿਚ ਕੀਤੀ ਗਈ ਹੈ (RSV; NRSV; NEB; REB)। ਉਦਾਹਰਣ ਲਈ NRSV ਦਾ ਅਨੁਵਾਦ ਹੈ, ''ਭਵਨ ਭਾਵ ਉਹ ਥਾਂ ਜਿੱਥੇ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਹੋਮ ਬਲੀਆਂ ਲਿਆਈਆਂ ਜਾਂਦੀਆਂ ਹਨ, ਬਣਾਇਆ ਜਾਵੇ।'' [5]ਏਲੀਆਸ ਜੇ. ਬਿਕਰਮੈਨ, ''ਦ ਐਡਿਕਟ ਆਫ਼ ਸਾਇਰਸ ਇਨ ਅਜ਼ਰਾ 1,'' *ਜਰਨਲ ਆਫ਼ ਬਿਬਲੀਕਲ ਲਿਟ੍ਰੇਚਰ* 65, ਨੰਬਰ 3 (ਸਤੰਬਰ 1946): 250. [6]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 56. [7]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 47–48 ਵਿਚ ਇਹ ਅਤੇ ਹੋਰ ਸੁਝਾਅ ਦਿੱਤੇ ਗਏ ਹਨ। [8]ਕੀਥ ਐਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 90. [9]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲਿਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 68, 71. [10]ਸ਼ੋਵਿੱਲ, 90.

[11]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ*, ਦ ਐਂਕਰ ਬਾਈਬਲ, ਅੰਕ. 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 52. [12]ਜੋਜ਼ਫ਼ ਬਲੈਂਕਿਨਸੌਪ, *ਅਜ਼ਰਾ–ਨਹਮਯਾਹ*, ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1988), 126. [13]ਮਾਇਰਸ, 51. [14]ਉੱਥੇ ਹੀ। [15]ਯਹੂਦੀ ਕਲੰਡਰ ਦਾ ਬਾਰ੍ਹਵਾਂ ਮਹੀਨਾ ਅਦਾਰ (ਫਰਵਰੀ–ਮਾਰਚ) ਹੈ। [16]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ., ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ,

ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ, 1982), 2:1016 ਵਿਚ ਵਿਲੀਅਮ ਸਨਫੋਰਡ ਲੇਸਰ, ''ਜੇਰੁਸਲੇਮ'' ਵੱਲੋਂ ਮੁਹੱਈਆ ਕਰਵਾਈਆਂ ਗਈਆਂ ਹਨ। [17]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ [ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003], 48. [18]ਰੁਬਨ ਰੈਜ਼ਲੈਫ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 77. [19]''ਅਸੀਰੀ ਦੀ ਵੰਸ'' ਮੂਲ ਵਿਚ ''ਅਸੀਰੀ ਦੇ ਪੁੱਤਰ'' ਹੈ। 6:19 ਵਿਚ ਰਲ਼ਦੀ ਮਿਲ਼ਦੀ ਭਾਸ਼ਾ ਮਿਲਦੀ ਹੈ। ''ਅਸੀਰੀ'' ਜਾਂ ''ਬੰਧੁਆਈ'' ਲਈ ਅਰਾਮੀ ਸ਼ਬਦ ***galu*** (*ਗਾਲੁ*) ਹੈ, ਜਦਕਿ ਇਸ ਦਾ ਸਮਾਨਅਰਥੀ ਇਬਰਾਨੀ ਸ਼ਬਦ ***golah*** (*ਗੋਲਾਹ*) ਹੈ। [20]ਲਾਸੋਰ, 2:1016.

[21]ਮੂਸਾ ਦੀ ਸ਼ਰ੍ਹਾ ਵਿਚ ਇਹ ਦੱਸਿਆ ਗਿਆ ਸੀ ਕਿ ਦੂਸਰੇ ਲੋਕ ਜੇ ਇਸ ਦੀਆਂ ਸ਼ਰਤਾਂ ਨੂੰ ਮੰਨਦੇ ਹੋਣ ਤਾਂ ਉਹ ਪਸਾਹ ਮਨਾਉਣ ਲਈ ਯਹੂਦੀਆਂ ਦੇ ਨਾਲ ਮਿਲ ਸਕਦੇ ਸਨ (ਕੂਚ 12:48, 49)। ਗੈਰਕੌਮਾਂ ਵਿੱਚੋਂ ਇਸਰਾਏਲੀ ਬਣਨ ਵਾਲਿਆਂ ਵਿਚ ਰਹਾਬ ਅਤੇ ਰੂਥ ਦੇ ਨਾਂਅ ਆਉਂਦੇ ਹਨ (ਯਹੋਸ਼ੁਆ 6:25; ਰੂਥ 1:16)। [22]6:14, 15 ਤੇ ਟਿੱਪਣੀਆਂ ਵੇਖੋ।